GOVERNMENT OF INDIA
NATIONAL LIBRARY, CALCUTTA

Class No. P 922.94553

Book No. Go 217du

N. L. 38.

MGIPC—S1—19 LNL/62—27-3-63—100,000.

GOVERNMENT OF INDIA
NATIONAL LIBRARY
CALCUTTA

This book was taken from the Library on the date last stamped. A late fee of 6 nP. will be charged for each day the book is kept beyond a month.

N. L. 44.
MGIPC—S3—8 LNL/63—7-6-63—50,000.

ਹਸਬ ਜ਼ਾਬਤਾ ਰਜਿਸਟਰੀ ਕਰਾਈ ਗਈ ਹੈ

ੴ ਸਤਿਗੁਰਪ੍ਰਸਾਦਿ ॥

ਭਾਰਥ ਦੇ ਮਹਾਂ ਪੁਰਖਾਂ ਦਾ ਸਿਲਸਿਲਾ ਨੰਬਰ ੨

---

## ਅਰਥਾਤ

## ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਮੀ ਪਾਤਸ਼ਾਹੀ ਦਾ

# ਜੀਵਨ ਬ੍ਰਿਤਾਂਤ

ਜਿਸਨੂੰ ਲਾਲਾ ਦੌਲਤਰਾਇ ਡੇਰਾ ਗ਼ਾਜ਼ੀਖ਼ਾਂ ਵਾਲੇ ਨੇ

ਭਾਈ ਜੋਧਸਿੰਘ ਪਾਸੋਂ ਉਰਦੂ ਥੋਂ ਪੰਜਾਬੀ ਵਿਚ ਉਲਥਾ ਕਰਾਕੇ

ਹਸਬ ਫ਼ੁਰਮਾਇਸ਼ ਲਾਲਾ ਹਰਕਿਸ਼ਨ ਲਾਲ ਬੈਰਿਸਟਰ ਐਟਲਾ ਨੇ

ਸਰਦਾਰ ਜੋਤ ਸਿੰਘ ਮੈਨੇਜਰ ਲਖਨਊ ਮਿਲ ਪੇਪਰ ਲਾਹੌਰ ਨੇ

---

ਮਾਲਕ ਮਤਬਾ ਮੁਨਸ਼ੀ ਚਰਾਗ਼ਦੀਨ ਸੇ

ਕੰਕਸਟਨ ਪ੍ਰੇਸ ਲਾਹੌਰ ਅਨਾਰਕਲੀ ਮੇਂ ਛਪਵਾਈ

ਸੰਨ ੧੯੦੪ ਈਸਵੀ

ਾਰ ੧੦੦੦ ਮੋਖ

Out-of-Print
Rs. 25
P B
922.94553
Go 217 du
NATIONAL LIBRARY
2667
DATE 22-3-63
CALCUTTA

੧ ਓ ਸਤਿਗੁਰਪ੍ਰਸਾਦਿ ॥

# ਸੂਚਨਾ

ਭਾਵੇਂ ਮੇਰੇ ਵਿੱਚ ਸਾਮ੍ਰਥ ਨਹੀਂ ਕਿ ਮੈਂ ਇਸ
ਪੁਸਤਕ ਨੂੰ ਲਿਖਾਂ ਪਰ ਦੋ ਬਾਤਾਂ ਨੇ ਮੈਨੂੰ
ਇਸਦੇ ਲਿਖਨ ਲਈ ਤਿਆਰ ਕੀਤਾ ਹੈ

(੧) ਕੋਈ ਪੁਸਤਕ ਅਜੇਹੇ ਵਿਸਥਾਰ ਨਾਲ ਨਹੀਂ ਸੀ ਲਿਖੀ ਗਈ ਕਿ ਜਿਸਥੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾਰਥ ਨਾਲ ਪਿਆਰ ਜੇਹਾ ਕੁਸੀ ਲਿਖਣਾ ਹੋਵੇ ਭਾਵੇਂ ਹੋਰ ਕਈ ਜਨਮ ਸਾਖੀਆਂ ਪੈਹਲੀਆਂ ਤੇ ਅਜ ਕਲ ਦੀਆਂ ਲਿਖੀਆਂ ਹੋਈਆਂ ਲੋਕ ਪੜ੍ਹਦੇ ਹਨ ਪਰ ਉਨ੍ਹਾਂ ਵਿੱਚ ਬੌਹਤ ਸਾਰੀਆਂ ਗੱਲਾਂ ਅਜੇਹੀਆਂ ਹਨ ਜਿਨ੍ਹਾਂ ਦੇ ਪੜ੍ਹਨ ਕਰਕੇ ਭਰਮ ਪੈਂਦਾ ਹੈ ਕਿ ਸਚ ਹੋਣ ਪਰ ਅਕਸਰ ਲੋਕਾਂ ਨੂੰ ਸਚ ਹੀ ਮੰਨਣੀਆਂ ਪੈਂਦੀਆਂ ਹੈਨ ਤੇ ਜਿਸ ਪੁਰਖ ਦੀ ਜਨਮ ਸਾਖੀ ਲਿਖੀ ਜਾਂਦੀ ਓਸਦੇ ਨਾਲ ਬੜੀ ਹੀ ਬੇਨਿਆਈਂ ਹੁੰਦੀ ਹੈ ਕਿਉਂਕਿ

ਕਰਤਾ ਜਨਮ ਸਾਖੀਆਂ ਦੇ ਆਪਣੇ ਖ਼ਯਾਲਾਤ ਨੂੰ ਪ੍ਰਗਟ ਕਰਦੇ ਹਨ ਪਰ ਅਸਲ ਵਿੱਚ ਜਿਸਦੀ ਜਨਮ ਸਾਖੀ ਲਿਖਦੇ ਹਨ ਉਸਦੇ ਖ਼ਿਆਲਾਂ ਵਲ ਘਟ ਧਿਆਂਨ ਕਰਦੇ ਹਨ ਸੋ ਗੁਰੂ ਗੋਬਿੰਦ ਸਿੰਘ ਜੀ ਦੀਆਂ ਭੀ ਜਨਮ ਸਾਖੀਆਂ ਏਸ ਨੁਕਸ ਥੀਂ ਖ਼ਾਲੀ ਨਹੀਂ ਹਨ ਸਗੋਂ ਕੋਈ ਕੋਈ ਅਜੇਹੇ ਹਾਲ ਲਿਖੇ ਗਏ ਹਨ ਕਿ ਗੁਰੂ ਜੀ ਦੇ ਬੜੇ ਬੜੇ ਉੱਤਮ ਕੰਮ ਇਨ੍ਹਾਂ ਗੱਲਾਂ ਨਾਲ ਮਿਲਕੇ ਨਕੰਮੇ ਮਾਲੂਮ ਹੁੰਦੇ ਹਨ ਏਸ ਕਰਕੇ ਬੜੀ ਲੋੜਸੀ ਕਿ ਅਜੇਹੇ ਢੰਗ ਨਾਲ ਇਕ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਚਰਿਤ੍ਰ ਦਾ ਲਿਖਯਾ ਜਾਵੇ ਕਿ ਜਿਸ ਵਿੱਚ ਉਸ ਮਹਾਂ ਬਲੀ ਦੀ ਮੇਹਨਤ ਦਾ ਸਾਰਾ ਬ੍ਰਿਤਾਂਤ ਤੇ ਉਸਦੇ ਸੱਚੇ ਖ਼ਿਆਲਾਤ ਪ੍ਰਗਟ ਹੋਨ॥

(੨) ਦੂਸਰੀ ਇਸ ਪੁਸਤਕ ਦੇ ਲਿਖਣ ਦੀ ਏਸ ਕਰਕੇ ਬੜੀ ਲੋੜਸੀ ਕਿ ਸਾਰੇਹੀ ਲੋਕ ਗੁਰੂ ਮਹਾਰਾਜਜੀ ਦੇ ਜੀਵਨ ਚਰਿਤ੍ਰ ਥੀਂ ਵਾਕਫ਼ ਨਹੀਂ ਸਨ ਕਿਉਂਕਿ ਕੋਈ ਜਨਮ ਸਾਖੀ ਗੁਰੂ ਮਹਾਰਾਜ ਜੀ ਦੀ ਪੰਜਾਬੀ ਬੋਲੀ ਵਿੱਚ ਨਹੀਂ ਸੀ ਤੇ ਲਿਖਨ ਵਾਲੇ ਭੀ ਸੱਚੇ ਬ੍ਰਿਤਾਂਤਾਂ ਨੂੰ ਛੱਡ ਕੇ ਆਪਣੇ ਮਨ ਘੜਤ ਢਕੋਂਸਲੇ ਹੀ ਭਰਦੇ ਰਹੇ ਸੇ ਤੇ ਖ਼ੁਦ ਗ਼ਰਜ਼ੀ ਦੀਆਂ ਗੱਲਾਂ ਭਰਦੇ ਰਹੇ ਸਗੋਂ ਗੁਰੂ ਮਹਾਰਾਜ ਜੀਦੇ ਪਵਿੱਤ੍ਰ ਉਦੇਸ਼ ਨੂੰ ਭੈੜੀਆਂ ਗੱਲਾਂ ਵਿੱਚ ਬਦਲ ਕੇ ਬੁਰਾ ਬਨਾਉਂਦੇ ਰਹੇ ਗੁਰੂ ਜੀ ਦੀ ਬਾਣੀ ਦਾ ਆਸ਼ਾ ਜਿਉਂ ਜਿਉਂ ਮੇਰੇ ਚਿਤ ਵਿੱਚ

ਵਸਦਾ ਗਿਆ ਤਿਉਂ ਤਿਉਂ ਮੈਨੂੰ ਹੋਰਭੀ ਸ਼ੌਕ ਹੁੰਦਾ ਗਿਆ ਜਦ ਮੈਂ ਕਈ ਗੱਲਾਂ ਬਾਬਤ ਸਿੱਖਾਂ ਪਾਸੋਂ ਪੁਛਦਾ ਤਾਂ ਓਹੁ ਨਾ ਦਸ ਸੱਕਦੇ ਤੇ ਉਲਟ ਪੁਲਟ ਹੀ ਦੱਸ ਦੇਂਦੇ ਬੌਹਤ ਸਾਰਿਆਂ ਨੂੰ ਤਾਂ ਪਤਾ ਭੀ ਨਹੀਂ ਕਿ ਗੁਰੂ ਜੀ ਦਾ ਕੀਹ ਉਦੇਸ਼ਸੀ ਤੇ ਕੀਹ ਖ਼ਿਆਲ ਸਨ ਕਈ ਅਜੇਹੇ ਖ਼ਾਲਸਾ ਮਿਲੇ ਜਿਨ੍ਹਾਂ ਦੇ ਚਿਤ ਵਿੱਚ ਝੂਠੇ ਸਮਾਚਾਰ ਸਮਾਏ ਹੋਏ ਸੇ ਤੇ ਫੇਰ ਇਕ ਦੂਜੇ ਦੇ ਖ਼ਿਆਲ ਆਪਸ ਵਿੱਚ ਨਹੀਂ ਮਿਲਦੇ ਸੇ ਇਸ ਵਾਸਤੇ ਮੈਂ ਇਸ ਮਹਾਂਬਲੀ ਜੀਦੇ ਜੀਵਨ ਚਰਿਤ੍ਰ ਨੂੰ ਆਪਹੀ ਉਸਦੀ ਬਾਣੀ ਦੀ ਕਸਵਟੀ ਲਾਲਾਂ ਕੇ ਜਾਚਨ ਦੀ ਕੋਸ਼ਸ਼ ਕੀਤੀ ਜਿਤਨੀਕੁ ਮੈਨੂੰ ਬਾਣੀ ਮਲੂਮ ਹੁੰਦੀ ਗਈ ਉਤਨਾਹੀ ਪ੍ਰੇਮ ਤੇ ਉਸਦੀ ਵਡਾਈ ਦਾ ਅੰਗ ਮੇਰੇ ਹਿਰਦੇ ਵਿੱਚ ਵਧਦਾ ਗਿਆ ਅਫ਼ਸੋਸ ਹੈ ਕਿ ਗੁਰੂ ਜੀ ਦੇ ਪਵਿੱਤ੍ਰ ਖ਼ਿਆਲਾਤ ਨੂੰ ਤਾਂ ਠੀਕ ਨਹੀਂ ਪ੍ਰਗਟ ਕੀਤਾ ਗਿਆ ਸਗੋਂ ਬਹੁਤ ਕੁਛ ਝੂਠ ਪ੍ਰਗਟ ਕਰਕੇ ਜਨਮ ਸਾਖੀਆਂ ਵਾਲੇ ਦਸਦੇ ਹਨ ਅੱਛੇ ਅੱਛੇ ਵਿਦਜਵਾਨ ਮੰਨੇ ਪ੍ਰਮੰਨੇ ਜੇਹੜੇ ਸਿੱਖਾਂ ਵਿੱਚ ਹਨ ਉਨ੍ਹਾਂਨੂੰ ਬਹੁਤੇਰਾ ਪੁਛਿਆ ਪਰ ਕਿਸੇ ਨੇ ਠੀਕ ਠੀਕ ਨਾ ਦੱਸਿਆ ਅਤੇ ਓਹੁ ਆਪ ਭੀ ਗੁਰੂ ਜੀ ਦੇ ਜੀਵਨ ਚਰਿੱਤ੍ਰ ਥੀਂ ਘੁੱਥੇ ਹੋਏ ਪਾਏ ਗਏ ਕਈਆਂ ਲੋਕਾਂ ਨੂੰ ਤਾਂ ਉੱਕਾ ਪਤਾ ਨਹੀਂ ਕਿ ਗੁਰੂ ਜੀ ਕਿਸ ਪ੍ਰਕਾਰ ਦੇ ਜੋਧੇ ਤੇ ਧਰਮ ਦੇ ਪੱਕੇ ਸੇ ਜੇਕਰ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਾਂ ਪੜ੍ਹਦਾ

ਤਾਂ ਬੇਸ਼ਕ ਮੈਂ ਭੀ ਗਲਤ ਮਲਤ ਲੋਗਾਂ ਵਾਂਗੂੰ ਲਿਖ ਦੇਂਦਾ ਪਰ ਜਿਉਂ ਜਿਉਂ ਮੈਂ ਉਨ੍ਹਾਂਦੀ ਕਵਿਤਾ ਡਿੱਠੀ ਤਿਉਂ ਤਿਉਂ ਮੇਰੇ ਹਿਰਦੇ ਵਿੱਚ ਉਨ੍ਹਾਂਦੀ ਵਡਿਆਈ ਸਮਾਉਂਦੀ ਗਈ ਕੁਛਕ ਸਮੇ ਤਕ ਤਾਂ ਮੇਰੇ ਚਿਤ ਵਿਚ ਏਹੀ ਖ਼ਿਆਲਸੀ ਕਿ ਗੁਰੂ ਗੋਬਿੰਦ ਸਿੰਘ ਜੀ ਮਾਮੂਲੀ ਦਰਜੇ ਦੇ ਰੀਫਾਰਮਰ ਸੇ ਪ੍ਰੰਤੂ ਉਨ੍ਹਾਂ ਦੀ ਬਾਣੀ ਤੇ ਖ਼ਿਆਲਾਤ, ਹਾਲਾਤ ਥੀਂ ਮੇਰੀਆਂ ਕਈ ਰਾਵਾਂ, ਮੇਰੇ ਕਈ ਖ਼ਿਆਲਾਂ ਨੇ ਨਾਂ ਕੇਵਲ ਝੂਠ ਹੀ ਸਾਬਤ ਕੀਤਾ ਸਗੋਂ ਗੁਰੂ ਮਹਾਰਾਜ ਜੀਦੀ ਵਡਿਆਈ ਤੇ ਪ੍ਰੇਮ ਮੇਰੇ ਚਿਤ ਵਿੱਚ ਘਰ ਕਰਗਈ ਏਸ ਵਾਸਤੇ ਮੇਰੇ ਚਿਤ ਵਿਚ ਇਹੁ ਸ਼ਰਧਾ ਉਠੀ ਕਿ ਲੋਕਾਂ ਨੂੰ ਗੁਰੂ ਜੀ ਦੇ ਜੀਵਨ ਚਰਿਤ੍ਰ ਥੀਂ ਵਾਕਫ਼ ਕਰੀਏ ਤਾਕਿ ਓਹੁ ਭੀ ਮੇਰੇ ਦ੍ਵਾਰੇ ਲਾਭ ਉਠਾਉਨ ਸੋ ਇਸ ਦਾ ਏਹੀ ਵਸੀਲਾ ਚੰਗਾ ਜਾਤਾ ਕਿ ਗੁਰੂ ਜੀ ਦੇ ਜੀਵਨ ਚਰਿਤ੍ਰ ਰਚਕੇ ਲੋਕਾਂ ਪ੍ਰਤਿ ਪ੍ਰਗਟ ਕਰਨੇਦੀ ਕੋਸ਼ਸ਼ ਕਰੀਏ ਸੋ ਮੈਂ ਬੋਹਤ ਸਾਰਾ ਮਸਾਲਾ ਗੁਰੂ ਜੀ ਦੇ ਜੀਵਨਚਰਿੱਤ੍ਰ ਲਈ ਅਕੱਠਾ ਕੀਤਾ ਪਰ ਜਾਂ ਇਸ ਮਹਾਂਬਲੀ ਦੇ ਹਾਲਾਤ ਪ੍ਰਗਟ ਹੋਏ ਤਾਂ ਮੇਰੇ ਚਿਤ ਨੂੰ ਬੜਾ ਹੀ ਉਤਸ਼ਾਹ ਹੋ ਗਿਆ ਭਾਵੇਂ ਮੇਰੇ ਚਿਤ ਵਿਖੇ ਮਹਾਂਗਜਾਨੀ ਸ੍ਰੀ ਕ੍ਰਿਸ਼ਨ ਤੇ ਮਹਾਂਬੀਰ ਸ੍ਰੀ ਰਾਮ ਚੰਦ੍ਰ ਜੀ ਦੀਇਜ਼ਤ ਘਟ ਨਹੀਂ ਸੀ ਭਾਵੇਂ ਮੈਂ ਉਨ੍ਹਾਂ ਨੂੰ ਔਤਾਰ ਨਹੀਂ ਮੰਨਦਾਹਾਂ ਪਰ ਉਨ੍ਹਾਂਦੇ ਜੁਧ ... ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੂਰਮਤ ਪੁਣੇ ਦੇ ਸਾਹਮ ਵਿੱ

ਤੁੱਛ ਹਨ ਇਸ ਵਾਸਤੇ ਮੈਂ ਮਹਾਂ ਬਲੀ ਜੀ ਦੇ ਜੀਵਨ ਚਰਿੱਤ੍ਰ ਬਨਾਉਨ ਦਾ ਤੇ ਹੋਰਨਾਂ ਭਾਰਥਦੇ ਮਹਾਤਮਾਂ ਦਾ ਜੀਵਨ ਚਰਿਤ੍ਰ ਲਿਖਨਦਾ ਉਦਮ ਕੀਤਾ ਪਰ ਸਭ ਥੀਂ ਪੈਹਿਲੇ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਚਰਿਤ੍ਰ ਲਿਖਣਾ ਚਾਹਿਆ ਸੋ ਮੈਂ ਡੇਢ ਵਰਹੇ ਥੀਂ ਇਹੁ ਇੱਛਾ ਕੀਤੀ ਤੇ ਇਹੁ ਸੋਚਦਾ ਰਿਹਾ ਕਿ ਕੋਈ ਖ਼ਾਲਸਾ ਇਸ ਕੰਮਨੂੰ ਪੂਰਾ ਕਰੇ ਕਿਉਂਕਿ ਮੇਰਾ ਖ਼ਿਆਲਸੀ ਜੋ ਖ਼ਾਲਸੇ ਨੂੰ ਮੇਰੇ ਨਾਲੋਂ ਵਧ ਵਾਕਫ਼ੀ ਹੋਵੇਗੀ ਪਰ ਕਿਸੇਨੇ ਇਸ ਕੰਮਨੂੰ ਨਾ ਕੀਤਾ ਦੂਜਾ ਮੇਰੇ ਚਿੱਤ ਨੇ ਬੜਾਹੀ ਚਾਹਿਆ ਕਿ ਮੈਂ ਉਦਮ ਕਰਾਂ ਇਸ ਵਾਸਤੇ ਇਹੁ ਥੋੜੇ ਜੇਹੇ ਪਤ੍ਰੇ ਮੈਂ ਪਾਠਕਾਂ ਦੀ ਦ੍ਰਿਸ਼ਟਗੋਚਰ ਕਰਨ ਦੀ ਹਿੰਮਤ ਕੀਤੀ ਤੇ ਇਸ ਸਾਰੇ ਕੰਮ ਵਿੱਚ ਮੇਰੇ ਪਜਾਰੇ ਮਿਤ੍ਰ ਲਾਲਾ ਜੁਵਾਲਾ ਦਾਸ ਮਾਸਟਰ ਹਾਈ ਸਕੂਲ ਡੇਰਾ ਗ਼ਾਜ਼ੀਖਾਂ ਨੇ ਮੇਰੇ ਨਾਲ ਰਲਕੇ ਮੇਰੀ ਅਤਿ ਸਹਾਇਤਾ ਕੀਤੀ ਜਿਸਦਾ ਮੈਂ ਤਨ ਮਨ ਕਰਕੇ ਧੰਨਵਾਦੀ ਹਾਂ॥

ਮੈਂ ਇਹੁ ਪੱਕ ਜਾਣਦਾ ਹਾਂ ਕਿ ਜੋ ਕੁਛ ਮੈਂ ਇਸ ਪੁਸਤਕ ਵਿੱਚ ਲਿਖਿਆ ਹੈ ਓਹੁ ਪੂਰਾ ਨਹੀਂ ਹੈ ਪਰ ਤਾਂ ਭੀ ਇਹੁ ਵਿਚਾਰ ਕੇ ਕਿ ਕੋਈ ਸਜਨ ਇਸਨੂੰ ਅਧੂਰੀ ਪੁਸਤਕ ਜਾਣਕੇ ਪੂਰੀ ਕਰਨਦੀ ਕੋਸ਼ਸ਼ ਕਰੇਗਾ ਬਨਾਈ ਹੈ ਮੈਂ ਪਾਠਕਾਂ ਪਰ ਭਰੋਸਾ ਕਰਦਾਹਾਂ ਕਿ ਜੇਕਰ ਮੇਰੀ ਅਧੂਰਤਨ ਪਰ ਉਨ੍ਹਾਂ ਨੂੰ ਵਿਚਾਰਨ ਦਾ ਸਮਾ ਮਿਲੇ ਤਾਂ ਓਹੁ ਸਿਵਾਏ ਇਸ ਕੰਮਦੇ

ਸ੍ਰੀ ਮਹਾਂਬਲੀ ਦੇ ਜੀਵਨ ਚਰਿੱਤ੍ਰ ਤੇ ਬਾਣੀ ਨਾਲ ਮੁਕਾਬਲਾ ਕਰਕੇ ਫੈਸਲਾ ਕਰ ਲੈਣ ਮੈਂ ਤਾਂ ਆਪਣੀ ਬੁਧ ਅਨੁਸਾਰ ਰਚਕੇ ਆਪਦੇ ਗੋਚਰ ਕਰਦਾ ਹਾਂ ॥

ਦੌਲਤ ਰਾਇ ਡੇਰਾ ਗ਼ਾਜ਼ੀਖ਼ਾਂ

ਫ਼ਰਵਰੀ ੧੯੦੪

---

# ਭੂਮਕਾ

ਜਿਨ੍ਹਾਂ ਕਾਰਨਾਂ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਪਰ ਆਕੇ ਸਤ ਉਪਦੇਸ਼ ਕੀਤਾ ਤੇ ਖ਼ਾਲਸਾ ਧਰਮ ਦੀ ਨੀਉਂ ਰਖਕੇ ਹਿੰਦੂਆਂ ਦੀ ਜ਼ਾਤ ਦਾ ਸੁਧਾਰ ਤੇ ਭਾਰਥ-ਸੁਧਾਰ ਅਤੇ ਮੈਤ੍ਰਤਾ ਦਾ ਢੰਗ ਸਿਖਾਉਨ ਲਈ ਹਿੰਮਤ ਕੀਤੀ ਇਸ ਥੀਂ ਪੈਹਲੇ ਹਿੰਦੂਆਂ ਦੀ ਅੰਦਰਲੀ ਬਾਹਰਲੀ ਦਸ਼ਾ ਦਾ ਵਰਨਨ ਭੀ ਅਵਸ਼ ਹੈ ਕਿਉਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਹਿੰਦੂ ਧਰਮ ਦੀ ਭਲਾਈ ਕੀਤੀ ਹੈ ਤੇ ਹਿੰਦੂਆਂ ਦੀ ਹਾਲਤ ਨੂੰ ਕੇਵਲ ਪਲਟਾ ਖਵਾ ਦਿਤਾ ਹੈ ਨਾਂਹੀਂ ਕੋਈ ਨਵੀਨ ਮਜ਼੍ਹਬ ਬਨਾਯਾ ਨਵੀਂ ਢੰਗ ਦੀ ਬੁਨੀਆਦ ਰਖੀ ਹੈ ਇਸ ਵਾਸਤੇ ਜਿਸ ਕਾਰਨ ਕਰਕੇ ਜਿਨਾਂ ਚੀਜ਼ਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਤਪਤ ਕੀਤਾ ਉਨ੍ਹਾਂ ਦਾ ਵਰਨੰਨ ਕਰਨਾਂ ਭੀ ਅਵਸ਼ ਹੈ ਭਾਵੇਂ ਸਾਰਾ ਨਾਂ ਕੀਤਾ ਜਾਵੇ ਪਰ ਅਲਪ ਕਰਕੇ ਤਾਂ ਅਵਸ਼ ਹੋਵੇ ਹੁਣ ਏਹੁ ਬਾਤ ਸਭ ਥੀਂ ਪੈਹਲੇ ਵਰਨੰਨ ਕਰਨੀ ਲੋੜੀਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਦੀ ਪੈਹਲੀ ਨੀਉਂ ਕਿਸਤਰਾਂ ਰਖੀਸੀ ਅਸਲ ਵਿੱਚ ਸਿੱਖ ਧਰਮ ਦੀ ਨੀਉਂ ਸ੍ਰੀ ਗੁਰੂ ਨਾਨਕ ਦੇਵ ਜੀਨੇ ਆਰੰਭ ਕੀਤੀ ਸੀ ਸੋ ਸ੍ਰੀ ਗੁਰੂ ਜੀ ਬਾਬਰ ਬਾਦਸ਼ਾਹ ਦੇ ਸਮੇ ਵਿੱਚ ਕੰਮ ਕਰਦੇ ਸੇ ਬਾਬਰ ਦੀ ਰਾਜਧਾਨੀ ਦਾ ਪ੍ਰਬੰਧ ਸੰਮਤ

੧੫੮੨ ਬਿਕ੍ਰਮੀ ਤੇ ੧੫੨੬ ਈਸਵੀ ਵਿੱਚ ਹੋਯਾਸੀ ਬਾਬਰ ਥੀਂ ਪੈਹਲੇ ੩੫੦ ਵਰਹੇ ਤਕ ਹਿੰਦੁਸਤਾਂਨ ਦਾ ਸਾਰਾ ਦਾ ਸਾਰਾ ਹੀ ਭਾਗ ਮੁਸਲਮਾਨਾਂ ਦੀ ਰਾਜਧਾਨੀ ਬਨ ਰਿਹਾਸੀ॥

## ਮੁਸਲਮਾਨਾਂ ਨੂੰ ਹਿੰਦੂਸਤਾਂਨ ਵਿੱਚ ਕਿਨ੍ਹਾਂ ਕਾਰਨਾਂ ਨੇ ਆਂਦਾ

### ਸੋ ਇਹੁ ਭੀ ਸੰਖੇਪ ਕਰਕੇ ਭੂਮਕਾ ਵਿਖੇ ਲਿਖਨਾਂ ਅਵਸ਼ ਹੈ ਆਪ ਸੁਣੋਂ

ਸ੍ਰੀ ਮਨੂੰਜੀ ਤੇ ਮਹਾਂਭਾਰਥਦੇ ਸਮੇਂ ਥੀਂ ਮਗਰੋਂ ਹਿੰਦੂ ਧਰਮ ਨੇ ਅਜੇਹਾ ਪਲਟਾ ਖਾਧਾ ਕਿ ਸਭ ਹਿੰਦੂਆਂ ਦੀ ਕੌਮ ਦਾ ਏਕਾ ਅਜੇਹਾ ਵਿਗੜ ਗਿਆ ਕਿ ਇਕ ਦੂਜੇ ਥੀਂ ਵਖਰਾ ਹੋਗਿਆ ਅਰਥਾਤ ਵਿਰੋਧਤਾ ਪੈਗਈ ਜ਼ਾਤਾਂ ਦੀ ਅਜੇਹੀ ਦਸ਼ਾ ਹੋਗਈ ਕਿ ਕੇਵਲ ਇਕ ਦੂਜੇ ਨਾਲੋਂ ਵਖਰੇ ਹੀ ਨਾ ਹੋਏ ਸਗੋਂ ਫ ਈ ਪਾਉ ਚਾਵਲਾਂ ਦੀ ਖਿਚੜੀ ਆਪੋ ਆਪਣੀ ਵਖੋ ਵਖਰੀ ਚਾੜ੍ਹ ਦਿੱਤੀ ਭਾਂਵੇਂ ਕਈ ਕਾਰਨਾਂ ਕਰਕੇ ਦੇਸੀ ਮੈਤ੍ਰਤਾ ਦੀਆਂ ਰੀਤਾਂ ਆਦਿਕਾਂ ਨੇ ਹਰ ਇਕ ਫਿਰਕੇ ਵਿੱਚ ਅਸਰ ਕੀਤਾ ਪਰ ਮਜ਼ਬੀ ਕੰਮਾਂ ਵਿੱਚ ਅਰਥਾਤ ਦੇਵਤਿਆਂ ਦੀ ਪੂਜਾ, ਮੂਰਤਾਂ ਦੀ ਪੂਜਾ ਆਦਮੀ ਦੀ ਪੂਜਾ, ਅਤੇ ਪਸੂ ਪੂਜਾ ਨੇ ਭੀ ਹਿੰਦੂਆਂ ਦੇ ਦਿਲਾਂ ਵਿੱਚ ਬੜਾ ਨਿਵਾਸ ਕੀਤਾ ਅਤੇ

ਅਜੇਹੀ ਬਾਤ ਹੋ ਗਈ ਕਿ ਜੇਕਰ ਕੋਈ ਏਨ੍ਹਾਂ ਦੀ ਪੂਜਾ ਨਹੀਂ ਸੀ ਕਰਦਾ ਸੋ ਹਿੰਦੂ ਨਹੀਂ ਗਿਣਿਆਂ ਜਾਂਦਾ ਸੀ ਬੌਹਤ ਸਾਰਾ ਫ਼ਰਕ ਫ਼ਿਰਕਿਆਂ ਦਾ ਬ੍ਰਹਮਨੀ ਧਰਮ ਦੀ ਉੱਨਤੀ ਵੇਹੀ ਸਮੇਂ ਪੈਦਾ ਹੋ ਗਿਆ ਜਦ ਬ੍ਰਾਹਮਣਾਂ ਨੇ ਪੱਕੇ ਪੈਰ ਜਮਾ ਲਏ ਤੇ ਚੌਹਾਂ ਵਰਨਾ ਦੀ ਸੀਮ ਬੱਝ ਗਈ।। ਅਤੇ ਸ਼ੂਦ੍ਰਾਂ ਦੀ ਉਨਤੀ ਦੇ ਸਾਧਨ ਸਭ ਸਦੀਵ ਲਈ ਗਵਾ ਦਿੱਤੇ ਅਤੇ ਸਾਰੇ ਹੀ ਵਿਦਜਾ ਥੀਂ ਹੀਨ ਰਖਕੇ ਅਗਜਾਤ ਵਿਚ ਸੁੱਟੇ ਗਏ ਤਿਸਦਾ ਫਲ ਏਹੁ ਹੋਯਾ ਕਿ ਵੇਦਕ ਧਰਮ ਬ੍ਰਹਮਨੀ ਧਰਮ ਦੀ ਸੂਰਤ ਵਿਚ ਜੰਗਲੀ ਅਤੇ ਜਾਹਲਾਨਾਂ ਦਿਖਾਈ ਦੇਣ ਲੱਗਾ ਅਤੇ ਜੇਹੜਾ ਧਰਮ ਸਦੀਵ ਸ਼ਾਂਤੀ ਤੇ ਭਲੀ ਸੰਪ੍ਰਦਾਇ ਵਾਲਾ ਚਿਤ ਨੂੰ ਗਜਾਨ ਬਖ਼ਸ਼ਨ ਵਾਲਾ ਸੀ ਸੋਈ ਹਿੰਦੂਆਂ ਦੀ ਸ਼ਾਂਤੀ ਤੇ ਆਤਮ ਗਜਾਨ ਦਾ ਵਸੀਲਾ ਨਾ ਰਿਹਾ ਇਸ ਕਾਰਨ ਕਰਕੇ ਜੇਹੜੇ ਲੋਕਾਂ ਦਾ ਵੈਦਕ ਧਰਮ ਨਹੀਂ ਸੀ ਇਨ੍ਹਾਂ ਨੇ ਹਿੰਦੂਆਂ ਨੂੰ ਲਤਾੜਨਾ ਆਰੰਭ ਕਰ ਦਿੱਤਾ ਪੈਹਲਾ ਹੱਲਾ ਬੁਧ ਮਜ਼ਹਬ ਦਾਸੀ ਕਿਉਂਕਿ ਉਸ ਧਰਮ ਵਿਚ ਜਾਤਾਂ ਦਾ ਕੋਈ ਫ਼ਰਕ ਨਹੀਂ ਹੈਸੀ ਅਤੇ ਛੋਟੇ ਜ਼ਾਤ ਵਾਲੇਆਂ ਨੂੰ ਆਪਣਾ ਧਰਮ ਵਟਾਉਨ ਨਾਲ ਵਡੀ ਜ਼ਾਤ ਵਾਲੇ ਗਿਣਿਆਂ ਜਾਂਦਾ ਸੀ ਅਤੇ ਬੁਧ ਧਰਮ ਦੀਆਂ ਗੱਲਾਂ ਸਭ ਸੈਹਲੇ ਹੀ ਸਮਝੀਆਂ ਜਾਂਦੀਆਂ ਸੀ ਤੇ ਕਰਮਾਂ ਉਪਰ ਹੀ ਸਭ ਫ਼ੈਸਲੇ ਰੱਖੇ ਹੋਏ ਸਨ ਇਸ ਕਰਕੇ ਬੁਧ ਧਰਮ ਬੜਾ ਹੀ ਸ਼ੀਘ੍ਰ ਸੰਸਾਰ ਵਿਚ ਫੈਲ ਗਿਆ

ਅਤੇ ਬੁਧ ਧਰਮ ਦੇ ਫੈਲਨੇ ਦੇ ਲਈ ਬਿਨਾਂ ਹਿੰਦੂ ਧਰਮ ਦੇ ਮੈਦਾਨ ਦੇ ਹੋਰ ਕੋਈ ਮੈਦਾਨ ਨਹੀਂ ਸੀ ਏਸੇ ਵਾਸਤੇ ਬੌਹਤ ਸਾਰੇ ਹਿੰਦੂ ਧਰਮ ਥੀਂ ਗਿਰਕੇ ਜੇਹੇਕੁ ਸੂਦਰ ਬੁਧ ਮਜ਼ਹਬ ਨੂੰ ਇਖ਼ਤਿਆਰ ਕਰਕੇ ਸਦਾ ਲਈ ਹਿੰਦੂ ਧਰਮ ਥੀਂ ਜਾਂਦੇ ਰਹੇ ਜਿਸ ਨੇ ਬ੍ਰਹਮਨੀ ਧਰਮ ਨੂੰ ਹਿਲਾ ਦਿੱਤਾ ਬੁਧ ਧਰਮ ਨੇ ਓੜਕ ਨੂੰ ਓਹੁ ਉੱਨਤੀ ਕੀਤੀ ਤੇ ਅਜੇਹਾ ਚਮਕਿਆ ਕਿ ਲਗਭੱਗ ਸਾਰੇ ਹੀ ਹਿੰਦੁਸਤਾਨ ਵਿਚ ਉਨ੍ਹਾਂ ਦਾ ਰਾਜ ਪਸਰ ਗਿਆ ਬੁਧ ਵਰਨ ਦੇ ਰਾਜਿਆਂ ਨੇ ਸੂਰਜ ਬੰਸੀ ਖ਼ਾਨ ਦਾਨ ਚੰਦ੍ਰਬੰਸੀਆਂ ਦੀ ਰਾਜ ਪਦਵੀ ਦਾ ਪੂਰਾ ਖੋਜ ਹੀ ਮਿਟਾ ਦਿੱਤਾ ਅਤੇ ਰਾਮ ਚੰਦ੍ਰ ਕ੍ਰਿਸ਼ਨ ਦੀ ਰਾਜ ਧਾਨੀਆਂ ਦੇ ਨਾਮ ਨਸ਼ਾਨ ਹੀ ਦੁਨੀਆਂ ਉਤੋਂ ਉਡਾ ਦਿੱਤੇ ਬਹੁਤ ਸਮੇਤਕ ਬ੍ਰਾਹਮਣਾਂ ਨੇ ਬੁਧਧਰਮਦੇ ਸਾਹਮਣੇ ਹੱਥਪੈਰਮਾਰੇ ਪ੍ਰੰਤੂ ਕਾਰਨ ਇਹੁ ਸੀ ਕਿ ਖਤ੍ਰੀ ਦੁਰਬਲ ਹੋ ਚੁੱਕੇ ਸਨ ਤੇ ਆਪਸ ਵਿੱਚ ਈਰਖਾ ਵਧੀ ਹੋਈ ਸੀ ਏਸ ਕਰਕੇ ਸਦੀਵ ਹੀ ਹਾਰੇ ॥

ਓੜਕ ਨੂੰ ਅਗ੍ਨੀਕੁਲ ਖੱਤ੍ਰੀਆਂ ਨੇ ਖੱਤ੍ਰੀ ਧਰਮ ਨੂੰ ਫੇਰ ਜਾਂਨ ਪਾਉਨ ਲਈ ਉਦਮ ਕਰਨ ਲਈ ਵਿਚਾਰਿਆ ਸੰਕ੍ਰਾਚਾਰਜ ਨੇ ਦਿਮਾਗ਼ੀ ਮੈਦਾਂਨ ਵਿਚ ਚਰਨ ਟਿਕਾਏ ਧਰਮ ਨੂੰ ਸਮੇਂਦੀ ਲੋੜ ਦੇ ਅਨੁਸਾਰ ਨਵੀਨ ਪੁਸ਼ਾਕਾਂ ਪੈਹਰਾ ਕੇ ਸ਼ਸਤ੍ਰੀਆਂ ਦੇ ਬਲ ਬਾਹਾਂ ਦੇ ਸਹਾਰੇ ਬੁੱਧ ਧਰਮ ਵਾਲਿਆਂ ਨੂੰ ਹਿੰਦੁਸਤਾਂਨ ਦੀ ਸੀਮਾਂ ਥੀਂ ਬਾਹਰ ਕਢ ਹੀ ਦਿੱਤਾ ਕਿਉਂਕਿ ਬ੍ਰਾਹਮਨ

ਬਿਨਾਂ ਸ਼ਸ਼ਤ੍ਰੀਆਂ ਦੀ ਸਹਾਇਤਾ ਦੇ ਕਦੇ ਭੀ ਅਜੇਹੇ ਨਹੀਂ ਹੋਏ ਜੋ ਆਪਣੇ ਆਪਹੀ ਹਿੰਮਤ ਦਿਖਾ ਸੱਕਨ ਪਰ ਤਾਂ ਭੀ ਕੌਮ ਨੂੰ ਕਾਇਮ ਰਖਨ ਲਈ ਤੇ ਹਿੰਦੂਆਂ ਨੂੰ ਇਕ ਜ਼ੋਰਬਲ ਵਾਲੀ ਕੌਮ ਬਨਾਉਨ ਵਿਚ ਪਰੀ ਪੂਰਨ ਨਾ ਹੋਏ ਫ਼ਿਰਕਾ ਬੰਦੀ ਤੇ ਈਰਖਾ ਦ੍ਵੈਖ ਇਕ ਦੂਸਰੇ ਵਿਚ ਓਵੇਂ ਕਿਵੇਂ ਹੀ ਰਹੀ ਤੇ ਪੈਹਲੀਆਂ ਬਾਤਾਂ ਥੀਂ ਕੁਛ ਪਾਠ ਨਾਂ ਪੜ੍ਹੇ ਅਗਨੀਕੁਲ ਖੱਤ੍ਰੀਆਂ ਦੀ ਸੰਤਾਨ ਆਪਣੋ ਆਪਣੀਆਂ ਕਈ ਸ਼ਾਖ਼ਾਂ ਕਾਇਮ ਕਰਕੇ ਸਦੀਵ ਇਕ ਦੂਸਰੇ ਨੂੰ ਕਮਜ਼ੋਰ ਕਰਨੇ ਵਿਚ ਸਮਾ ਗੁਜ਼ਾਰਦੀ ਰਹੀ ਦੂਸਰੇ ਪਾਸੇ ਸ਼ੰਕਰਾਚਾਰਜ ਦੇ ਚੇਲੇ ਜੋ ਬ੍ਰਾਹਮਨ ਹੀ ਸਨ ਓਹ ਭੀ ਪੁਰਾਨੀ ਹੀ ਤਰਾਂ ਖੁਦ ਇਕਤ-ਦਾਹੀ ਦੇਹਾਸਲ ਕਰਨੇ ਤੇ ਜ਼ਾਤਾਂ ਦੀ ਤਮੀਜ਼ ਤੇ ਸਭ ਹਿੰਦੂਆਂ ਨੂੰ ਵਿਦਜਾ ਥੀਂ ਹੀਨ ਰਖਨੇ ਵਿਖੇ ਬੜਾ ਯਤਨ ਕਰਨ ਲਗੇ ਹੋਏ ਸਨ ਅਤੇ ਸਭਨਾਂ ਨੂੰ ਬ੍ਰਹਮ ਹੀ ਬਨਾ ਬਨਾ ਕੇ ਕਪੜਿਆਂ ਥੀਂ ਬਾਹਰ ਕਰ ਦਿੱਤਾ ਏਸ ਕਰਕੇ ਏਕ ਤਾ ਰੈਹ ਗਿਆ ਸਭ ਕੋਈ ਆਪੋ ਧਾਪੀ ਦੇ ਰੰਗ ਦੇ ਵਿਚ ਰਪਿਆ ਹੋਯਾ ਦ੍ਰਿਸ਼ਟੀ ਆਉਂਦਾ ਸੀ ਸ਼ੰਕ੍ਰਾਚਾਰਜ ਨੇ ਬ੍ਰਾਹਮਣਾ ਦੀ ਵਡਿਆਈ ਨੂੰ ਪੱਕਾ ਕਰਨ ਲਈ ਯਥਾ ਸ਼ਕਤਿ ਬਲ ਲਾਯਾ ਅਤੇ ਮੂਰਤ ਪੂਜਾ ਵਲੋਂ ਭੀ ਹਟਾਉਨ ਲਈ ਸ੍ਵਾਮੀ ਸ਼ੰਕਰਾਚਾਰਜ ਨੇ ਬੜਾ ਯਤਨ ਕੀਤਾ ਕਿਉਂਕਿ ਸਰਭੰਗੀ ਧਰਮ ਦੇ ਸੌਹੇਂ ਤੇ ਮੂਰਤ ਪੂਜਾ ਬੁੱਧ ਧਰਮ ਦੇ ਤਰੀਕੇ ਪਰ ਤੇ ਵਿਦਜਾ ਨੂੰ

ਪਰੀਪਕ ਕਰਨਾ ਹੀ ਸ਼ੰਕਰਾਚਾਰਜ ਜੀ ਵਾਸਤੇ ਪ੍ਰਤਿਕੂਲ ਨਹੀਂ ਸੀ ਸਗੋਂ ਉਸਦੇ ੧ਉਦੇਸ਼ ਤੇ ਧਰਮਾ ਉੱਨਤੀ ਦੇ ਭੀ ਵਿਰੁਧ ਸੀ ਏਸ ਵਾਸਤੇ ਉਸਨੇ ਨਾਂ ਕੇਵਲ ਅਹੰਬ੍ਰਹਮ ਅਸਮੀ ਦੇ ਵਾਕਾਂ ਦਾ ਪ੍ਰਚਾਰ ਕੀਤਾ ਸਗੋਂ ਆਪਣੇ ਚੇਲਿਆਂ ਨੂੰ ਭੀ ਸਿਲ ਸਿਲਾ ਕਾਇਮ ਰਖਨ ਲਈ ਉਨਾਂ ਪਾਸੋਂ ਖੂਬ ਪ੍ਰਚਾਰ ਕਰਾਯਾ ਪਰ ਫੇਰ ਭੀ ਉਸਦੇ ਪਾਸੋਂ ਅਸ਼ਾਂਤੀ ਦੀ ਨਾ ਤਾਂ ਤ੍ਰੇਹਹੀ ਬੁਝੀ ਤੇ ਨਾਹੀ ਭਲੇ ਦੀ ਕੋਈ ਗਲ ਦਾ ਧਿਆਨ ਹੀ ਆਯਾ ਏਹੁ ਨੁਸਖ਼ਾ ਹਿੰਦੂਆਂ ਦੇ ਅਸਲੀ ਰੋਗ ਦੇ ਅਨਕੂਲ ਨਾਂ ਆਯਾ ਸ਼ੰਕਰਾਚਾਰਜ ਦੇ ਮਤ ਵਿੱਚ ਸਾਰੇ ਹੀ ਈਸ੍ਵਰ ਸਨ ਪਰ ਤਾਂ ਭੀ ਸੂਦਰ ਤਾਂ ਓੜਕ ਨੂੰ ਸੂਦਰ ਹੀ ਬਨੇ ਰਹੇ ਅਜੇਹੀ ਵੈਦਕ ਤਾ ਸ਼ੰਕਰਾਚਾਰਜ ਜੀ ਦੀ ਜ਼ਾਤਾਂ ਤੇ ਵਰਨਾਂ ਦੇ ਭਾਗਾਂ ਨੂੰ ਮਿਟਾ ਨਾਂ ਸੱਕੀ ਭਾਵੇਂ ਸ਼ੰਕ੍ਰਾਚਾਰਜ ਜੀ ਦੇ ਵਾਕ ਅਸ਼ਾਂਤੀ ਰੂਪੀ ਗਰਮੀ ਨੂੰ ਉਪਰੋਂ ਤਾਂ ਬਰਫ ਵਾਂਗੂ ਪ੍ਰਤੀਤ ਹੁੰਦੇ ਸੇ ਪਰ ਉਸ ਨਾਲ ਸਗੋਂ ਹਿੰਦੂਆਂ ਦੀ ਲੋੜ ਰੂਪੀ ਤੇਹ ਸ਼ਰੀਰਕ ਤੇ ਆਤਮਕ ਦੋਹੀਂ ਪਾਸੀ ਵਧਦੀ ਹੀ ਗਈ ਸ਼ੰਕਰਾਚਾਰਜ ਦੇ ਚੇਲਿਆਂ ਦੇ ਪ੍ਰਚਾਰ ਤੇ ਉਸਦੇ ਸੁੰਦਰ ਉਪਦੇਸ਼ ਨੇ ਹਿੰਦੂਆਂ ਦੇ ਵੈਰੀ ਬੁਧ ਧਰਮ ਨੂੰ ਹਿੰਦੁਸ-ਤਾਨ ਥੀਂ ਓੜਕ ਨੂੰ ਕਢ ਹੀ ਦਿੱਤਾ ਪ੍ਰੰਤੂ ਇਸ ਫ਼ਤੇ ਨੂੰ ਸ਼ੰਕਰਾ ਚਾਰਜ ਦੀ ਹੀ ਫਤੇ ਕੈਹਨੀ ਹੀ ਭਲੀ ਨਹੀਂ ਸਗੋਂ ਇਕ ਕਾਂਤ ਦੀ ਅਨਿਆਈ ਹੈ ਕਿਉਂਕਿ ਸ਼ੰਕਰਾਚਾਰਜ ਜੀ ਤੇ ਉਸਦੇ

ਚੇਲੇ ਕਦੇ ਭੀ ਇਸ ਗਲ ਯੋਗ ਨਾਂ ਹੁੰਦੇ ਜੇਕਰ ਅੱਗਨੀਕੁਲ ਖਾਨਦਾਂਨ ਸ਼ਸਤ੍ਰੀ ਰਾਜਪੂਤ ਬੁੱਧਾਂ ਦੇ ਪੁਲੀਟੀਕਲ ਬਲ ਨੂੰ ਕਮਜੋਰ ਤੇ ਸਤਿਆ ਨਾਸ ਕਰਨ ਵਿੱਚ ਫਤੇ ਨਾਂ ਪਾਉਂਦੇ ਇਸ ਕਰਕੇ ਇਸ ਫਤੇ ਦੀ ਵਧਕੇ ਸੋਭਾ ਯੋਗ ਰਾਜਪੂਤਾਂ ਦੀ ਖ਼ਾਨਦਾਨ ਹੈ ਜਿਹਾਕ ਉਸ ਵੇਲੇ ਦਾ ਬਲਵਾਲਾ ਰਾਜਾ ਰਾਜਪੂਤ ਹੀ ਸ਼ੰਕਰਾਚਾਰਜ ਜੀ ਦੀ ਸਹਾਇਤਾ ਕਰਨ ਵਾਲਾ ਸੀ ਸ੍ਰੀ ਸ਼ੰਕਰਾਚਾਰਜ ਜੀ ਦਾ ਇਸ਼ਟਦੇਵ ਸ਼ਿਵਜੀ ਸੀ ਇਹੁ ਤਾਂ ਸਭ ਠੀਕ ਹੀ ਸੀ ਪਰ ਸ਼ੰਕਰਾਚਾਰਜ ਦਾ ਉਪਦੇਸ਼ ਹਿੰਦੂਆ ਨੂੰ ਇਕੱਤ੍ਰ ਨਾਂ ਕਰ ਸੱਕਿਆ ਤੇ ਨਾਹੀ ਕਿਸੇ ਇਕ ਵਾਕ ਪਰ ਹਿੰਦੂਆਂ ਦਾ ਭਰੋਸਾ ਹੀ ਰਿਹਾ ਜੇਹੜੀਆਂ ਬਾਤਾਂ ਹਿੰਦੂ ਕੌਮ ਦੀਆਂ ਪੈਹਲੇ ਸਨ ਅਤੇ ਵਰਨ ਬਣੇ ਹੋਏ ਸੀ ਤਿਨਾਂ ਪਰ ਸ਼ੰਕਰਾਚਾਰਜ ਜੀ ਦਾ ਕੁਛ ਭੀ ਅਸਰ ਨਾ ਹੋਯਾ ਤੇ ਨਾਹੀ ਦੇਸ ਦੀ ਉਨਤੀ ਪਰ ਕੁਛ ਉਨਾਂ ਦਾ ਅਸਰ ਹੋਯਾ ਇਸ ਦਾ ਕਾਰਨ ਸਾਰਾ ਇਹੀ ਸੀ ਕਿ ਸਭ ਲੋਕ ਇਕ ਬਾਤ ਪਰ ਇਕੱਤ੍ਰ ਸੰਮਤੀ ਨਾਂ ਰਖ ਸਕੇ ਏਸੇ ਕਰਕੇ ਸ਼ੰਕਰਾਚਾਰਜ ਦੇ ਸਿਖ ਚੇਲੇ ਇਕ ਹੋਰ ਫਿਰਕਾ ਬਨਾਕੇ ਵਾਧਾ ਕਰਨ ਲਗ ਪਏ ਸੋ ਅਸਲ ਵਿਚ ਤਾਂ ਰੋਗ ਨੂੰ ਘਟਾਉਨਾ ਚਾਹੀਦਾ ਸੀ ਜੋ ਘਟਨ ਦੀ ਥਾਂ ਵਧਨ ਲਗ ਪਿਆ ਉਸਦੇ ਚੇਲੇ ਰਾਮਾਨੁਜ ਨੇ ਇਕ ਹੋਰ ਹੀ ਹਿੰਦੂ ਧਰਮ ਦੀ ਸ਼ਾਖ਼ ਉਤਪਤ ਕਰਲਈ ਅਤੇ ਵਿਸ਼ਨੂੰ ਨੂੰ ਆਪਣਾ ਇਸ਼ਟਦੇਵ ਬਨਾਕੇ ਨਵੀ ਵਿੱਦਜਾ

ਹੀ ਪੜ੍ਹਾਉਣੀ ਆਰੰਭ ਕਰ ਦਿੱਤੀ ਸੋ ਮਸ਼ਹੂਰ ਵਿਸ਼ਨੂੰ ਫਿਰਕਿਆਂ ਦਾ ਵੈਸ਼ਨਵ, ਮਾਧਵੀ, ਵਿਸ਼ਨੂੰ ਸ੍ਵਾਮੀ, ਵਲਭਾਚਾਰੀ, ਆਦਿਕ ਸਭਦਾ ਓਹੀ ਕਰਤਾ ਹੈ ਇਸਦੇ ਕਈ ਭਾਂਤਾਂ ਦੇ ਚੇਲਿਆਂ ਵਿਚੋਂ ਸਭ ਥੀਂ ਵਧਕੇ ਰਾਮਾਨੰਦ ਜੀ ਬੜਾਹੀ ਉੱਘਾ ਹੈ ਉਸਨੇ ਵਿਸ਼ਨੂ ਦੇ ਕਈ ਔਤਾਰਾਂ ਦੀ ਪੂਜਾ ਆਰੰਭ ਕਰਵਾਈ ਅਤੇ ਲੋਕ ਅਪਣੇ ਆਤਮਾ ਨੂੰ ਸ਼ਾਂਤੀ ਦਿਵਾਉਨਲਈ ਰਾਮਾਨੰਦ ਜੀ ਵਲ ਭੱਜ ਭੱਜ ਕੇ ਗਏ ਭਾਵੇਂ ਰਾਮਾਨੰਦ ਜੀ ਬਾਹਰੋ ਤਾਂ ਭਰੇ ਹੋਏ ਤਲਾ ਵਾਂਗੂੰ ਸੁੰਦਰ ਜਲ ਸੈਹਤ ਨਜ਼ਰ ਆਉਂਦੇ ਸੇ ਪ੍ਰੰਤੂ ਉਸਦੇ ਅੰਦਰ ਚਿੱਕੜ ਤੇ ਗਾਰਾ ਬੋਹਤ ਭਰਿਆ ਹੋਯਾਸੀ ਸੋ ਇਸ ਜਲ ਦੇ ਪ੍ਰੀਤ ਵਾਨਾਂ ਨੂੰ ਉਸ ਜਲ ਦੀ ਗੰਦੀ ਹਵਾਨੇ ਹੋਰ ਭੀ ਦੁਖੀ ਕਰ ਦਿੱਤਾ ਅਗੇ ਹੀ ਕੌਮ ਬੇਇਤਫ਼ਾਕੀ ਦੇ ਕਾਰਨਦੁਰਬਲ ਹੋਈ ਹੋਈ ਸੀ ਤੇਇਕ ਦੂਜੇ ਦੇ ਉਲਟ ਚਲਦੀਸੀ ਜਿਨ੍ਹਾਂ ਲੋਕਾਂਨੇ ਇਸ ਬੀਮਾਰੀ ਰੋਗਦਾ ਉਪਾਉ ਵਿਭਚਾਰੀ, ਤੇ ਹਰਭਾਂਤ ਦੇ ਭੋਗ ਸੁਖ ਦਸਕੇ ਇਨਾਂ ਵਿਸ਼ਿਆਂ ਵਿਕਾਰਾਂਵਿਚਲਾਦਿੱਤਾ ਸੋ ਕੌਮਦਾ ਰੋਗ ਘਟਨ ਦੀ ਥਾਂ ਵਾਧੇ ਪਰ ਪੈਗਿਆ ਵਿਸ਼ੇ ਭੋਗਨ ਲਗੇ, ਤੇ ਸ਼ਰੀਰ ਪੁਸ਼ਟ ਕਰਨ ਦੀ ਮਤ ਸਿਖਾਦਿੱਤੀ ਜਿਸ ਕਰਕੇ ਰੋਗ ਬਹੁਤਹੀ ਉਨਤੀ ਕਰਨ ਲਗ ਪਿਆ ॥

ਕ੍ਰਿਸ਼ਨਜੀ ਦੇ ਉਪਾਸ਼ਕਾਂਨੇ ਤਾਂ ਓਹ ਅੰਧਾ ਧੁੰਦ ਮਚਾ ਦਿਤੀ ਕਿ ਜੇਹੜਾ ਥੋੜਾ ਜੇਹਾ ਲਹੂ ਇਖ਼ਲਾਕੀ ਕੌਮ ਵਿਚ ਸੀ

ਵਿਗੜ ਗਿਆ ਕੌਮ ਦਾ ਪੈਹਲੇ ਹੀ ਸਰੀਰ ਨਿਰਬਲ ਸੀ ਤੇ ਵਿਰੋਧਤਾ ਦੇ ਕਾਰਨ ਰੋਗੀ ਹੋਕੇ ਲਿੱਸਾ ਹੋਜਾ ਹੋਜਾ ਸੀਸੋ ਹੁਨ ਕੌਮ ਦਾ ਹਰ ਇਕ ਅੰਗ ਹੋਰ ਹੋਰ ਰੋਗਾਂ ਵਿਚ ਫਸ ਗਿਆ ਪ੍ਰੰਤੂ ਵੈਸ਼ਨਵ ਫਿਰਕਿਆਂ ਨੇ ਰੋਗ ਨੂੰ ਅਸਾਧ ਹੀ ਕਰ ਦਿੱਤਾ ਲੋਕ ਭੈੜੇ ਕਰਮਾਂ ਵਾਲੇ ਵਧਦੇ ਗਏ ਸੁਖ ਭੋਗਾਨੇ ਬਲ ਤੇ ਤਾਕਤ ਨੂੰ ਗਵਾਹੀ ਦਿਤਾ ਤਨ, ਮਨ, ਧਨ, ਸਭ ਕੁਛ ਗੁਰੂ ਦੇ ਅਰਪਨ ਕਰਕੇ ਕੌਮ ਲੰਗੋਟੀਆਂ ਵਿਚ ਹੋਲੀ ਖੇਡਨ ਲਗ ਗਈ ਮੂਰਤ ਪੂਜਾ ਬਹੁਤ ਵਧ ਗਈ ਗੁਰੂ ਡੰਭ ਦੀ ਬੁਨਿਆਦ ਨੂੰ ਏਨਾਂ ਨੇ ਹੀ ਬੜਾ ਪੱਕਾ ਕਰ ਦਿੱਤਾ ਜੇਹੜੀ ਅਜ ਤਕ ਹਿਲਾਈ ਹੋਈ ਹਿਲ ਨਹੀਂ ਸਕਦੀ ਪੁਰਖ ਦੀ ਜ਼ਿੰਦਗੀ ਦੀ ਗ਼ਰਜ਼ ਕੇਵਲ ਮੁਕਤੀ ਪਰ ਹੈ ਸੋ ਮੁਕਤੀ ਦੇ ਸਾਧਨ ਕੇਵਲ ਗੁਰਾਂ ਪਰ ਭਰੋਸਾ ਹੀ ਕਰਕੇ ਬਨਾਏ ਗਏ ਸੇਵਕਾਂ ਨੂੰ ਤਨ ਮਨ ਧਨ ਅਪਣਾਂ ਬਨਾਉਨ ਲਈ ਮਾਯਾ ਨਾਸਤ ਤੇ ਸਭ ਕੁਛ ਬ੍ਰਿਥਾ ਦਸਕੇ ਜਾਲ ਬਿਛਾਕੇ ਕੌਮ ਨੂੰ ਨਕਾਰੀ ਬਨਾ ਦਿੱਤਾ ਅਜ ਕਲ ਦੇ ਸਮੇਂ ਦੇ ਇਕ ਪ੍ਰਤਿਸ਼ਟਤ ਪੁਰਖ ਬੰਬਈ ਦੇ ਰਾਨਾਡੇ ਨੇ ਆਪਣੇ ਇਕ ਵਖਜਾਨ ਵਿਚ ਪ੍ਰਗਟ ਕੀਤਾ ਸੀ ਕਿ ਵੈਸ਼ਨੂੰ ਧਰਮ ਦੇ ਹੋਣ ਕਰਕੇ ਹਿੰਦੂਆਂ ਨੂੰ ਆਪਣੀ ਕੌਮ ਦੇ ਸਵਾਰਨ ਦਾ ਬੜਾ ਉੱਤਮ ਸਮਾ ਮਿਲਿਆ ਹੈ ਪਰ ਅਸੀ ਹੈਰਾਨ ਹਾਂ ਕਿ ਇਹੁ ਫਲ ਕਿਸਤ੍ਰਾਂ ਨਾਲ ਕਢਿਆ ਗਿਆ ਸੋ ਪ੍ਰਗਟ ਇਸਦੇ ਵਿਰੁਧ ਹੈ

ਸਗੋਂ ਸੁਖ ਭੋਗਾਂ, ਤੇ ਸਰੀਰ ਪਾਲਨ ਵਿਖੇ, ਕਾਇਰੀ ਤੇ ਹੰਕਾਰ ਇਕ ਦੂਜੇ ਨਾਲ ਮਿਲਕੇ ਖਾਨ ਪਾਨ ਥੀਂ ਘਿਨਾ ਕਰਨੀ ਭਾਵੇਂ ਵਧ ਗਈ ਹੈ ਪ੍ਰੰਤੂ ਆਪਸ ਵਿਚ ਮੈਤ੍ਰਤਾ ਤੇ ਸਫ਼ਾਈ ਇਸ ਕੌਮ ਥੀਂ ਉਡ ਹੀ ਗਈ ਹੈ ਜੇਕਰ ਇਹੁ ਧਿਆਨ ਕੀਤਾ ਜਾਵੇ ਕਿ ਵੈਸ਼ਨਵ ਧਰਮ ਦੇ ਹੋਣ ਕਰਕੇ ਮਦਪਾਨ ਘਟ ਗਈ ਹੈ ਤੇ ਮਾਸ ਦੇ ਛੱਡਨ ਕਰਕੇ ਜੀਵਾਂ ਨੂੰ ਦੁਖ ਤੇ ਹੱਤਿਆ ਦੇ ਭਾਗੀ ਨਹੀਂ ਹੋਣਾ ਪੈਂਦਾ ਤਾਂ ਇਸ ਦਾ ਅਧਿਕਾਰ ਤਾਂ ਜੈਨੀਆਂ ਨੂੰ ਸਭ ਥੀਂ ਵਧਕੇ ਹੈ ਉਨ੍ਹਾਂ ਨੂੰ ਪ੍ਰਸੰਨ ਹੋਣਾ ਲੋੜੀਏ ਵੈਸ਼ਨਵ ਫਿਰਕੇ ਅਸਲ ਵਿਚ ਹਿੰਦੂਆਂ ਦੀ ਕੌਮੀ ਖ਼ਸਲਤ ਨੂੰ ਮਿਟਾਉਨ ਵਿਚ ਅਤੇ ਸੋਸ਼ਲ ਮਜਹਬੀ ਉਨਤੀ ਵਿੱਚ ਵਿਘਨ ਕਾਰੀ ਹੀ ਰਹੇ ਹਨ ਏਨ੍ਹਾਂ ਪਾਸੋਂ ਕੋਈ ਭੀ ਲਾਭ ਨਹੀਂ ਪੌਹਚਾ ਸਗੋਂ ਸ਼ਰੀਰਕ ਬਲ ਦੇ ਜਾਣ ਕਰ ਕੇ ਕੌਮ ਦਾ ਧਰਮ ਭੀ ਨਸ਼ਟ ਹੋਗਿਆ ਸਗੋਂ ਕਰਨਾ ਤਾਂ ਚਾਹੀਦਾ ਸੀ ਕਿ ਇਕਤ੍ਰਤਾਂ ਦਾ ਮੈਦਾਨ ਭੀੜਾ ਹੋ ਜਾਵੇ ਪਰ ਇਸਤਰਾਂ ਦੀ ਚਾਲ ਦੇ ਹੋਣ ਕਰਕੇ ਹੋਰ ਭੀ ਮੈਦਾਨ ਵਧ ਗਿਆ ॥

ਹਿੰਦੂ ਚਿਰਥੀਂ ਆਤਮਕ ਦਾਸਤਭਾਵ ਵਿੱਚ ਫਸੇ ਹੋਏ ਸੇ ਰੈਹਦੀਂ ਖੌਂਹਦੀ ਕਸਰ ਜੋ ਬਾਕੀ ਸੀ ਸੋ ਇਨ੍ਹਾਂ ਵੈਸ਼ਨੋ ਗੁਰੂਆਂ ਨੇ ਗਵਾ ਦਿੱਤੀ ਹਿੰਦੂ ਪੂਰੇ ਹੀ ਆਤਮਕ ਦਾਸਭਾਵ ਵਿੱਚ ਫ ਗਏ ਅਤੇ ਆਪਣੀ ਬੁਧ, ਤੇ ਆਤਮਾ ਥੀਂ ਕੰਮ ਲੈਣ ਤੁ

ਬੈਠੇ ਅਤੇ ਜਿਨਾਂ ਦੇ ਭਰੋਸੇ ਪਰ ਆਪਣੀ ਬੁੱਧ ਤੇ ਚਿਤ ਨੂੰ ਗਵਾ ਬੈਠੇ ਸੇ ਓੜਕ ਨੂੰ ਉਨ੍ਹਾਂ ਪਾਸੋਂ ਭੀ ਕੁਛ ਲਾਭ ਨਾਂ ਪ੍ਰਾਪਤ ਹੋਯਾ ਅਜੇਹਾ ਬਲਹੀਨ ਸਮਾ ਪਾਕੇ ਦੂਸਰੇ ਪਾਸੇ ਸਾਕਤਕ ਧਰਮ ਦੇ ਕਰਤਾ ਸੇਵਕ ਸਿਖਾਂ ਨੇ ਦਯਾਹੀਨ, ਵਿਰੋਧਤਾ, ਅਤੇ ਅਪਵਿਤ੍ਰਤਾ ਨੂੰ ਭਰਪੂਰ ਕਰਨਾਂ ਚਾਹਿਆ ਸ਼ੈਵੀ ਆਪਣੇ ਦੇਵਤੇ ਦੀ ਵਡਿਆਈ ਵਿੱਚ ਚਰਸ, ਗਾਂਜਾ, ਭੰਗ, ਸ਼ਰਾਬ ਪੀਪੀ ਕੇ ਬੇਸੁਧ ਹੋਕੇਆਨੰਦ ਲੈ ਰਹੇ ਸੇ ਅਤੇ ਬੇਅੰਤ ਹੀ ਫਿਰਕੇ ਬਨ ਰਹੇ ਸੇ ਏਸੇ ਕਰਕੇ ਆਪਸ ਵਿੱਚ ਵਿਰੋਧ ਵਧ ਗਿਆ ਹੋਯਾ ਸੀ ਅਜੇਹੀ ਬਲਹੀਨ ਦਸ਼ਾ ਵਿੱਚ ਜਦ ਕਿ ਹਿੰਦੂ ਕੌਮ ਦੇ ਚਿਤ ਅਰ ਆਤਮਾ ਆਪਣੇ ਹੀ ਨਹੀਂ ਸਨ ਅਤੇ ਆਪਸ ਵਿੰਚ ਲੜਾਈ ਕਰਨ ਨੂੰ ਤਤਪਰ ਸੇ ਫੇਰ ਈਸ਼੍ਵਰ ਨੂੰ ਭੁਲਾਕੇ ਪਸ਼ੂਆਂ, ਤੇ ਮੂਰਤਾਂ ਨੂੰ ਪੂਜਦੇ ਹਨ ਅਤੇ ਸਭ ਕੁਛ ਮਿਥਿਆ ਹੀ ਜਾਨਦੇ ਹੈਨ ਮਾਯਾ ਦੇ ਜਾਲਵਿੱਚ ਫਸੇ ਹੋਏ ਹੋਨ ਕਰਕੇ ਦੀਨ ਦੁਨੀਆਂ ਦੀ ਪਰ ਵਾਹ ਨਾਰੱਖਦੇ ਧਾਰਮਕ, ਤੇ ਮੈਤ੍ਰਤਾਦੇਭੇਦਾਂਕਰਕੇ ਉਨ੍ਹਾਂਦਾਆਪਸ ਵਿੱਚ ਇਕਤ੍ਰ ਹੋਨਾ ਅਸੰਭਵ ਹੋਵੇ ਭੈੜੀਆਂ ਰਸਮਾਂ ਰਵਾਜਾਂ ਵਿੱਚ ਭਰਮਾਂ ਦੇ ਮਾਰੇ ਭਟਕਦੇ ਹੋਵਣ ਇਕ ਦੂਜੇ ਦੀ ਭਲਾਈ ਦਾ ਧਿਆਨ ਹੀ ਨਾਂ ਰਖਦੇ ਹੋਵਨ ਤਾਂ ਅਜੇਹੀ ਕੌਮ ਇੱਕ ਪ੍ਰਮੇਸ਼੍ਵਰ ਪੂਜਕ ਤੇ ਡਾਢੇ ਬਲਵਾਲੀ ਕੌਮ ਦੇ ਹੱਲਿਆਂ ਪਾਸੋਂ ਕਦ ਤਕ ਬਚ ਸਕਦੀ ਸੀ॥

ਹਿੰਦੂਆਂ ਦਾ ਇਕ ਧਰਮ ਪਰ ਵਿਸ੍ਵਾਸ ਨਹੀਂ ਸੀ ਤੇ ਜ਼ਾਤਾਂ ਦੇ ਬੰਧਨਾਂ ਵਿੱਚ ਬੱਝੇ ਹੋਏ ਸੇ ਈਸ਼੍ਵਰ ਦੀ ਭਜਨ ਭਗਤੀ ਥੀਂ ਦੂਰ ਦੂਰ ਭਟਕਦੇ ਤੇ ਕਈ ਦੇਵੀ ਦੇ ਵਤਿਆਂ ਔਤਾਰਾਂ, ਤੇ ਪੁਰਖਾਂ ਦੀ ਪੂਜਾ ਵਿੱਚ ਲਗੇ ਹੋਏ ਸੇ ਵਿਦਯਾਹੀਨ ਸੇ ॥

ਬ੍ਰਾਹਮਣ ਕੌਮ ਦਾ ਲਹੂ ਪੀਨ ਵਾਲੇ ਸੇ ਤੇ ਕੌਮ ਅਗਯਾਤ ਸੀ ਨਾਂ ਮਜ਼੍ਹਬ ਤੇ ਧਰਮ ਨੂੰ ਜਾਣਦੇ ਨਾਂ ਦੇਸ ਭਲਾਈ ਵਿਖੇ ਸੋਚ ਨਾ ਕਿਸੇ ਕਾਰ ਵਿਹਾਰ ਵਿੱਚ ਹੀ ਇਕਤ੍ਰ ਹੋ ਕਰਕੇ ਸੰਮਤੀ ਕਰਨ ਜੋਗੇ ਸੇ ਇੱਕ ਦੂਸਰੇ ਨਾਲ ਵੈਰ ਵਿਰੋਧ ਈਰਖਾ ਹੀ ਰਖਦੇ ਗਲ ਕਾਹਦੀ ਸੀ ਕਿ ਹਿੰਦੂ ਕੌਮ ਹਰ ਭਾਂਤ ਸਭਨਾਂ ਅੰਗਾਂ ਥੀਂ ਬਲਹੀਨ ਸੀ ਤੇ ਇਹੁ ਗਲ ਪ੍ਰਸਿੱਧ ਹੈ ਕਿ ਕ੍ਰਿਸ ਤੇ ਗਰੀਬ, ਬਲਹੀਨ ਪੁਰਖ ਸਦੀਵ ਹੀ ਬਲ ਵਾਲੀ ਤੇ ਜ਼ਬਰ ਦਸਤ ਕੌਮਦੇ ਅਧੀਨ ਰੈਂਹਦੇ ਹੈਨ ਇਸ ਵਾਸਤੇ ਮੁਸਲਮਾਂਨ ਬਲਵਾਲੀ ਕੌਮਦੀ ਦ੍ਰਿਸ਼ਟੀ ਹਿੰਦੁਸਤਾਂਨ ਵਲ ਪਈ ਜਿਸਦਾ ਫਲ ਏਹ ਹੋਯਾ ਜੋ ਅਜੇਹੀ ਦਸ਼ਾ ਵਿੱਚ ਹੋਣਾ ਚਾਹੀਦਾ ਸੀ ਅਰਥਾਤ ਅਸਲਾਮ ਦੀ ਤਲਵਾਰ ਨੇ ਹਿੰਦੂਆਂ ਨੂੰ ਓੜਕ ਦਾਸਤ ਭਾਵ ਵਿੱਚ ਲੈਹੀ ਆਂਦਾ ਹਿੰਦੂਆਂ ਦੀ ਰੈਂਹਦੀ ਖੂੰਹਦੀ ਸੱਤਾ ਭੀ ਵਿਥਰ ਗਈ ਅਤੇ ਜਿਥੋਂ ਤਾਂਈ ਹੋ ਸਕਦਾ ਸੀ ਇਨ੍ਹਾਂ ਨੂੰ ਮੁਸਲਮਾਨਾਂ ਨੇ ਭੈੜੀ ਸੂਰਤ ਬਨਾਯਾ ਅਤੇ ਹਿੰਦੂਆਂ ਦੇ ਨੰਗ ਨਾਮੂਸ ਨੂੰ ਖ਼ਰਾਬ ਦਿੱਤਾ ਧਨ ਤੇ ਪਤ ਨੂੰ ਆਪਣਾ ਬਨਾਯਾ ਅਤੇ ਦ

ਭਾਵਦੀ ਜ਼ੰਜੀਰ ਹਿੰਦੂਆਂ ਦੇ ਗਲ ਵਿੱਚ ਪਾਕੇ ਅਜੇਹੀ ਪੱਕੀ ਗੀਢ ਦਿੱਤੀ ਕਿ ਫੇਰ ਮੁੜਕੇ ਉਨ੍ਹਾਂ ਦੇ ਗਲ ਥੀਂ ਨਿਕਲ ਹੀ ਨਾਂ ਸੱਕੀ ਓੜਕ ਨੂੰ ਮੁਸਲਮਾਂਨ ਹਿੰਦੁਸਤਾਂਨ ਦੇ ਅਜੇਹੇ ਸਾਂਈ ਬਨਗਏ ਜਿਵੇਂ ਕਿ ਪਸ਼ੂ ਆਦਮੀਆਂ ਦੀ ਮਲਕੀਅਤਿ ਹੁੰਦੀ ਹੈ ਇਸਲਾਮ ਦੇ ਉਪੱਦ੍ਰਵ ਦੇ ਰੋੜ੍ਹ ਤੇ ਚੜਾਉਨੇ ਹਿੰਦੁਸਤਾਂਨ ਨੂੰ ਸੁੱਧ ਬੁੱਧ ਹੀ ਨਾਂ ਲੈਣ ਦਿੱਤੀ ਬਹੁਤ ਸਾਰੇ ਹਿੰਦੂ ਰੁੜ੍ਹ ਗਏ ਅਰਥਾਤ ਧਰਮਛੀਨ ਹੋਕੇ ਵਖਰੇ ਹੋਗਏ ਹਿੰਦੂ ਜੇਹੜੇ ਹਿੰਦੂ ਧਰਮ ਵਿਖੇ ਰੈਹ ਭੀ ਗਏ ਓਹੁ ਤਾਂ ਇਹੀ ਆਖਕੇ ਪ੍ਰਸੰਨ ਹੁੰਦੇ ਕਿ ਸਾਡੀ ਗੰਦੀ ਉਂਗਲ ਸੀ ਸੋ ਵਢੀ ਗਈ ਸੋ ਅਛੀ ਹੋਈ ਸਗੋਂ ਬੁੱਧ ਥੀਂ ਹੀਨ ਲੰਮੀ ਨਜ਼ਰ ਨਾਲ ਇਹੁ ਨਾਂ ਸੋਚਦੇ ਸੇ ਕਿ ਜਿਸਨੂੰ ਅਸੀਂ ਨਕਾਰਾ ਅੰਗ ਕੈਂਹਦੇ ਹਾਂ ਓਹੀ ਸਮਾ ਪਾਕੇ ਪਾਣੀ ਪੌਣ ਦੇ ਬਦਲ ਜਾਣ ਕਰਕੇ ਬਹਾਦੁਰ ਬਨ ਜਾਂਦਾ ਹੈ ਤੇ ਕਾਇਰ ਹਿੰਦੂਆਂ ਦੇ ਮਾਲ ਮਤਾ ਦੇਸ, ਮਿਲਖਾਂ ਦਾ ਸਾਂਈ ਬਨ ਜਾਂਦਾ ਹੈ॥

ਮੁਸਲਮਾਨਾਂ ਦੀ ਪੈਹਲੀ ਗਲ ਜਿਨ੍ਹਾਂ ਨੇ ਹਿੰਦੂਆਂ ਨੂੰ ਬੜੇ ਹੀ ਕਸ਼ਟ ਦਿਖਾਏ ਮੂਰਤੀ ਪੂਜਣ ਇਸਲਾਮ ਦੇ ਜ਼ੁਲਮ ਕਰਨ ਦਾ ਬਹਾਨਾ ਹੋ ਰਿਹਾ ਸੀ ਮੂਰਤੀ ਪੂਜਾ ਦੇਹੀ ਕਾਰਨ ਹਿੰਦੂਆਂ ਦੇ ਤਾਈਂ ਬੁਰੀ ਦ੍ਰਿਸਟਿ ਨਾਲ ਦੇਖਦੇ ਤੇ ਕਾਫ਼ਰ ਉਚਾਰਦੇ ਸੇ ਸਗੋਂ ਦੁਖ, ਕਸ਼ਟ, ਜ਼ੋਰੀ, ਜ਼ਬਰੀ, ਬੇਇਜ਼ਤੀ ਦੇ ਯੋਗ ਗਿਣੇ ਗਏ ਸੇ ਆਰੰਭ ਵਿਖੇ ਮੁਸਲਮਾਨਾਂ ਨੇ ਮਜ਼ੂਬੀ ਜੋਸ਼

ਵਿਖੇ ਆਕੇ ਓਹ ਬੜੇ ਬੜੇ ਜ਼ੁਲਮ ਕੀਤੇ ਜੋ ਕੈਹਨ ਥੀਂ ਬਾਹਰ ਹਨ ਨਾਂ ਕੇਵਲ ਹਿੰਦੂਆਂ ਦੇ ਠਾਕੁਰਦੁਆਰੇ, ਸ਼ਿਵਾਲੇ ਹੀ ਖ਼ਰਾਬ ਕੀਤੇ ਸਗੋਂ ਉਨ੍ਹਾਂ ਨੂੰ ਡੇਗਕੇ ਤੋੜਕੇ ਉਨ੍ਹਾਂ ਦੀ ਥਾਂ ਉਪਰ ਮਸੀਤਾਂ ਬਨਾਈਆਂ ਹਿੰਦੂਆਂ ਦੇ ਧਨ ਦੌਲਤ ਨੂੰ ਹੀ ਨਹੀਂ ਲੁਟਿਆ ਸੀ ਸਗੋਂ ਉਨ੍ਹਾਂ ਦੇ ਘਰ ਪਿੰਡਾਂ ਨੂੰ ਸਾੜ ਫੂਕ ਕੇ ਸੁਆਹ ਕਰ ਦਿੱਤਾ ਕੇਵਲ ਹਿੰਦੂ ਇਸਤ੍ਰੀਆਂ ਦੀ ਹੀ ਬੇਇਜ਼ਤੀ ਨਹੀਂ ਕੀਤੀ ਸਗੋਂ ਹਜ਼ਾਰਾਂ ਲਖਾਂ ਨੂੰ ਵਢ ਦਿੱਤਾ ਬੇਅੰਤ ਹੀ ਬੁਢੇ ਠੇਰੇ ਜੁਵਾਂਨ, ਬੱਚੇ, ਬੁਢੀਆਂ ਕਤਲ ਕਰ ਦਿੱਤੀਆਂ ਸੀ ਅਤੇ ਬੇਓੜਕ ਹੀ ਇਸਤ੍ਰੀਆਂ ਨੂੰ ਸੇਵਕ ਦਾਸੀਆਂ ਬਨਾਯਾ ਤੇ ਦੋ ਦੋ * ਦੀਨਾਰ ਨੂੰ ਗ਼ਜ਼ਨੀ ਦੇ ਬਾਜ਼ਾਰਾਂ ਵਿੱਚ ਵਿਕੀਆਂ ਹਿੰਦੂਆਂ ਨੂੰ ਕੇਵਲ ਭੈੜੇ ਤੇ ਕਾਫ਼ਰ ਹੀ ਆਖਕੇ ਹੀ ਨਹੀਂ ਛੱਡਿਆ ਜਾਂਦਾ ਸੀ ਸਗੋਂ ਜ਼ੋਰੋ ਧਿੰਙੀ ਮੁਸਲਮਾਂਨ ਬਨਾਯਾ ਜਾਂਦਾ ਅਤੇ ਉਨ੍ਹਾਂ ਦੀਆਂ ਨਾਰਾਂ ਬਦੋ ਬਦੀ ਖੋਹ ਕੇ ਨਿਕਾਹ ਪੜ੍ਹਾਯਾ ਜਾਂਦਾ ਜੋ ਮੁਸਲਮਾਂਨ ਬਾਦਸ਼ਾਹ ਵਾਰੋਵਾਰੀ ਆਏ ਕਿਸੇ ਨੇ ਭੀ ਹਿੰਦੂਆਂ ਨਾਲ ਖੈਰ ਨਾਂ ਗੁਜ਼ਾਰੀ ਏਸ ਕਰਕੇ ਆਪਸ ਵਿੱਚ ਈਰਖਾ ਵੈਰ ਦਾ ਕਾਰਨ ਹੋ ਸਕਦਾ ਸੀ ਏਸੇ ਕਰਕੇ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਵਿਰੋਧ ਪੈ ਗਿਆ ਤੇ ਅਜਤਕ ਰਿਹਾ ਦੋਵੇਂ ਹੀ ਇਕ ਦੂਜੇ ਨੂੰ ਬੁਰਾ ਕਮੀਨਾ ਜਾਨਦੇ ਸੇ ਤੇ ਆਪਸ ਵਿੱਚ ਸਾਕ ਅੰਗ ਨਹੀਂ ਬਨਦੇ ਸੇ ॥

ਮੁਸਲਮਾਂਨ ਜਿੱਤ ਦੇ ਘਮੰਡ ਵਿੱਚ ਆਕੇ ਆਏ ਦਿਨ

*–ਦੀਨਾਰ ਇਕ ਸਿੱਕਾ ਗਜ਼ਨੀ ਵਿਖੇ ਹੈ ਜਿਸਦਾ ਮੁਲ ਹੈ ॥

National Library 2667 20.3.1963

ਜ਼ੁਲਮ ਕਰਦੇ ਤੇ ਚਲੇ ਜਾਂਦੇ ਹਿੰਦੂ ਜੇ ਕਦੀ ਕਦੀ ਅੱਖਾਂ ਲਾਲ ਪੀਲੀਆਂ ਕਰਦੇ ਭੀ ਪਰ ਨਿਰਬਲ ਹੋਣ ਦੇ ਕਾਰਨ ਸਦੀਵ ਮੂਧੇ ਭਾਰ ਡਿਗਦੇ ਤੇ ਕਚੇ ਜੇਹੇ ਹੋਕੇ ਪਿੱਛੇ ਹੱਟ ਜਾਂਦੇ ਮੁਸੱਲਮਾਨਾਂ ਦੇ ਜ਼ੁਲਮ ਤੇ ਉਪਦ੍ਰਵ ਏਤਨੇ ਵਧ ਗਏ ਸੇ ਕਿ ਉਨ੍ਹਾਂ ਦਾ ਵਰਨਨ ਕਰਨਾ ਬੜਾ ਹੀ ਕਠਿਨ ਹੈ ਮੁਸਲਮਾਨਾਂ ਕਵੀਸ਼ਰਾਂ ਨੇ ਹੀ ਆਪੋ ਆਪਣੀਆਂ ਕਿਤਾਬਾਂ ਵਿਚ ਭਯਾਨਕ ਸਮਾਚਾਰ ਲਿਖੇ ਹਨ ॥ ਭਾਵੇਂ ਹੁਣ ਪੁਰਾਨੀਆਂ ਮੜੀਆਂ ਪੁਟਨੀਆਂ ਭਲੀਆਂ ਨਹੀਂ ਪ੍ਰਤੀਤ ਹੁੰਦੀਆਂ ਪ੍ਰੰਤੂ ਮਜ਼ਬੀ ਜੋਸ਼ ਵਿੱਚ ਆਕੇ ਮੁਸਲਮਾਨਾਂ ਨੇ ਜੋ ਸ਼ਰਹ ਦਾ ਹੁਕਮ ਮੰਨ ਕੇ ਉਪਦ੍ਰਵ ਕੀਤੇ ਹਨ ਬਸ ਹੀ ਬਸ ਹੈਨ ਤਿਨਾਂ ਵਿੱਚੋਂ ਕੁਛਕ ਜੇਹੜੇ ਸਭ ਲੋਕੀ ਜਾਣਦੇ ਹਨ ਏਥੇ ਮੈਨੂੰ ਵਰਨਨ ਕਰਨੇ ਅਵਸ਼ ਹਨ ਜਿਸ ਕਰਕੇ ਪਾਠਕਾਂ ਨੂੰ ਪਤਾ ਲਗ ਜਾਵੇ ਕਿ ਜੇਹੜੇ ਲੋਕ ਗੁਰੂ ਗੋਬਿੰਦਸਿੰਘ ਜੀ ਉਪਰ ਖ਼ੂਨ ਖ਼੍ਰਾਰੀ ਦਾ ਦੋਸ਼ ਦੇਂਦੇ ਹਨ ਓਹੁ ਮਲੂਮ ਕਰ ਸਕਨ ਕਿ ਸਮੇਂ ਵਿੱਚ ਕੇਹੋ ਜੇਹੀ ਹਵਾ ਚਲ ਰਹੀ ਸੀ ਤੇ ਉਸਦਾ ਉਪਾਉ ਕੀ ਸੀ ॥

## ਤਵਾਰੀਖ ਖਾਲਸਾ ਹਿਸਾ ੧

ਮਾਹਮੂਦ ਨੇ ਹਿੰਦੂਆਂ ਦੇ ਮੰਦਰਾਂ ਨੂੰ ਲੁਟਿਆ ਦੇਵਤਿਆਂ ਦੀ ਬੇ ਇਜ਼ਤੀ ਕੀਤੀ ਮੂਰਤੀਆਂ ਤੋੜੀਆਂ ਹਿੰਦੂਆਂ ਨੂੰ ਦਿਲ ਖੋਲ੍ਹਕੇ ਲੁਟਿਆ ਹਜ਼ਾਰਾਂ ਨੂੰ ਕੰਗਾਲ ਕਰ ਦਿੱਤਾ ਚਾਰਾ

P1 922-94553 | G0 217 dw

ਘਾਹ ਸਭ ਕਟ ਵਢਕੇ ਦੇਸ਼ ਵੈਰਾਨ ਕਰ ਦਿੱਤਾ ਤੇ ਮੰਦਰਾਂ ਦੀਆਂ ਚੁਕਾਠਾਂ ਤੇ ਹੋਰ ਸਾਮਾਂਨ ਸੁੰਦਰ ਚੰਗਾ ਖੋਹ ਕੇ ਮਸੀਤਾਂ ਨੂੰ ਲਾਕੇ ਸਜਾਯਾ ਮੂਰਤੀਆਂ ਤੋੜਕੇ ਟੁਕੜੇ ਟੁਕੜੇ ਕਰਕੇ ਮਸੀਤਾਂ ਦੇ ਪਾਇਦਾਨ ਬਨਾਏ ਜਿੱਥੇ ਮੁਸਲਮਾਂਨ ਜੁਤੀਆਂ ਉਤਾਰਕੇ ਮਸੀਤਾਂ ਵਿਚ ਜਾਂਦੇ ਸੇ ਲਖਾਂ ਹੀ ਮਰਦ ਔਰਤਾਂ ਨੂੰ ਕਤਲ ਕੀਤਾ ਤੇ ਲਖਾਂ ਨੂੰ ਹੀ ਪਕੜ ਕੇ ਦਾਸੀਆਂ ਦਾਸ ਬਨਾਯਾ ਸ੍ਰਾ ਯਾ ਡੇਢ ਡੇਢ ਰੁਪਏ ਨੂੰ ਗ਼ਜ਼ਨੀ ਦੇ ਬਾਜ਼ਾਰਾਂ ਵਿੱਚ ਵੇਚਿਆ ਮਥਰਾ ਨੂੰ ਵੀਹ ਰੋਜ਼ ਲੁੱਟਦਾ ਰਿਹਾ ਮੰਦਰਾਂ ਵਿਚ ਭੈੜੇ ਕਰਮ ਕੀਤੇ ਜਿਸ ਕਰਕੇ ਹਿੰਦੂਆਂ ਦਾ ਚਿਤ ਖੇਦ ਨੂੰ ਪ੍ਰਾਪਤ ਹੁੰਦਾ ਓਥੋਂ ਦੇ ਰਾਜੇ ਨੇ ਓੜਕ ਨੂੰ ਆਪਣੀ ਸੰਤਾਂਨ ਨੂੰ ਆਪਣੀ ਹਥੀਂ ਕਤਲ ਕਰਕੇ ਆਪਣੀ ਜਾਂਨ ਗਵਾਈ ॥

ਇਸਥੀਂ ਪੈਹਲੇ ਮੁਹੰਮਦ ਕਾਸਮ ਨੇ ਹਿੰਦੂਆਂ ਨੂੰ ਲੁੱਟ ਘਸੁੱਟ ਕੇ ਰਾਜੇ ਦਾ ਹਰ ਸਿੰਧ ਦੇ ਵਾਲੀ ਦੀਆਂ ਦੋਹਾਂ ਧੀਆਂ ਨੂੰ ਕੈਦ ਕਰਕੇ ਹੋਰ ਬਹੁਤ ਸਾਰੀਆਂ ਔਰਤਾਂ ਕੈਦ ਕਰਕੇ ਬਗ਼ਦਾਦ ਵਿੱਚ ਜਿੱਥੇ ਹਰਮ ਸਰਾਇ ਖਲੀਫੇ ਦੀ ਸੀ ਦਾਖਲ ਕੀਤੀਆਂ ॥

ਕੁਤਬ ਦੀਨ ਏਬਕ ਨੇ ਮੇਰਟ ਦੇ ਸਭ ਮੰਦਰ ਤੋੜੇ ਤੇ ਮਸੀਤਾਂ ਬਨਾਈਆਂ ਜਿਸਨੇ ਮੁਸਲਮਾਂਨ ਬਨਨੋਂ ਨਾਂਹ ਕੀਤੀ ਉਸਨੂੰ ਹੀ ਮੌਤ ਦਾ ਸ਼ਰਬਤ ਪਿਆਯਾ ਕੇਵਲ ਇੱਕ ਸ਼ੈ ਦਿਨ (ਕਲੰਜਰ) ਵਿੱਚ ੧੧੩ ਮੰਦਰ ਤੋੜਕੇ ਮਸੀਤਾਂ ਬਨਾ

ਹਜ਼ਾਰਾਂ ਹੀ ਹਿੰਦੂ ਕਤਲ ਹੋਏ ਤੇ ਦਾਸ ਬਨਾਏ ਗਏ॥ ਸਫਾ ੯

## ਤਬਕਾਤ ਨਾਸਰੀ

ਬਿਹਾਰਦੀ ਫਤੇ ਵਿਖੇ ਕੁਤਬਦੀਨ ਉਪਰਲੇ ਨੇ ਇੱਕ ਲਖ ਦੇ ਲੱਗ ਭੱਗ ਤਾਂ ਬ੍ਰਾਹਮਨ ਹੀ ਕਤਲ ਕਰਾਏ ਸੇ ਤੇ ਬੜਾ ਪ੍ਰਤਿਸ਼ਟ ਪੁਸਤਕਾਲਜ ਸਾੜ ਦਿੱਤਾ॥ ਸਫੇ ੯

## ਤਾਰੀਖ ਅਲਾਈ ਅਮੀਰਖੁਸਰੋ

ਫੀਰੋਜ਼ਸ਼ਾਹ ਨੇ ਦਖਨ ਦੀ ਫਤੇ ਵਿਖੇ ਬੇਅੰਤ ਮੂਰਤਾਂ ਲਿਆਕੇ ਆਪਣੇ ਕੋਟ ਦੇ ਸਾਹਮਣੇ ਸੁਟਵਾਈਆਂ ਅਤੇ ਬਹੁਤ ਸਮੇਂ ਤਕ ਇੱਕ ਸਹਸ੍ਰ ਹਿੰਦੂਆਂ ਦੇ ਲਹੂ ਨਾਲ ਉਨ੍ਹਾਂ ਮੂਰਤੀਆਂ ਦਾ ਇਸ਼ਨਾਨ ਹੁੰਦਾ ਰਿਹਾ ਦੋ ਵੇਰੀ ਦੇਸਮਾਲਵਾ ਦੀ ਫਤੇ ਦੇ ਸਮੇ ਉਸਨੂੰ ਅਜੇਹਾ ਲੁਟਿਆ ਕਿ ਲੋਕੀ ਰੋਟੀਓਂ ਭੀ ਦੁਖੀ ਕਰ ਦਿੱਤੇ॥ ਸਫਾ ੯

## ਅਮੀਰ ਅਬਦੁੱਲਾਖਾਂ ਦੀ ਵਾਰਤਾ ਤੇ ਤਜ਼ਕਰਾਤੁਲ ਮਸਦ ਵਿਚੋਂ

ਅਲਾਉਦੀਨ ਖਿਲਜੀ ਨੇ ਕੰਬਾਤ ਦੇ ਗਿਰਦ ਨੁਵਾਹ ਵਿੱਚ ਐਨੇ ਹਿੰਦੂ ਕਤਲ ਕੀਤੇ ਕਿ ਲਹੂ ਦੀਆਂ ਨਦੀਆਂ ਵ[illegible] ਦਿੱਤੀਆਂ ਹਜ਼ਾਰਾਂ ਬੱਚੇ ਤੇ ਵੀਹ ਹਜ਼ਾਰ ਸੁੰਦਰ ਇ[illegible]ਤੀਆਂ ਨੂੰ ਦਾਸੀਆਂ ਬਨਾਉਨ ਲਈ ਆਪਣੇ ਦੇਸ ਨੂੰ

ਭੇਜ ਦਿੱਤਾ ਇਸ ਅਲਾਉਦੀਨ ਨੇ ਹੁਕਮ ਦੇ ਛਡਿਆ ਸੀ ਕਿ ਬਿਨਾਂ ਕਪੜੇ ਪੈਹਨਨੇ ਵਾਲੇ ਦੇ ਤੇ ਅਨਾਜ ਘਰ ਵਿੱਚ ਛੇਆਂ ਮਹੀਨਿਆਂ ਥੀਂ ਵਧ ਰਖ ਨਾਂ ਸਕੇ ਜੋ ਇਸਥੀਂ ਵਧੀਕ ਹੁੰਦਾ ਸੋ ਸਭ ਮੁਸਲਮਾਨਾਂ ਨੂੰ ਦਿੱਤਾ ਜਾਵੇ ਏਸ ਕਰਕੇ ਕਿ ਹਿੰਦੂ ਕਾਫਰ ਹਨ ਸੋ ਉਨ੍ਹਾਂ ਦਾ ਮਾਲ ਮਤਾ ਮੁਸਲਮਾਨਾਂ ਦਾ ਹਕ ਹੈ ਏਸ ਬਾਦਸ਼ਾਹ ਦੀ ਬਾਬਤ ਲਿਖਿਆ ਹੈ ਕਿ ਇਸਨੇ ਆਪਣੇ ਭਰਾ ਤੇ ਭਾਨਜੇ ਦੀ ਇਸਦੇ ਵਿਰੁਧ ਹੋ ਜਾਣਦੇ ਸ਼ੁਭੇ ਵਿਚ ਹੀ ਜੀਉਂਦਿਆਂ ਦੀ ਖੱਲ ਲਹਾ ਦਿੱਤੀ ਸੀ ਅਤੇ ਉਨ੍ਹਾਂ ਦੇ ਮਾਸ ਦਾ ਪਲਾਉ ਬਨਵਾਕੇ ਉਨ੍ਹਾਂ ਦੇ ਬਾਲ ਬੱਚੇ ਨੂੰ ਖਵਾਯਾ ਸੀ ( ਜੇਹੜਾ ਆਪਣੇ ਸਕੇ ਭਰਾਵਾਂ ਨਾਲ ਅਜੇਹਾ ਵਰਤਾਉ ਕਰਦਾ ਸੀ ਹਿੰਦੂਆਂ ਨਾਲ ਤਾਂ ਕੁਛ ਓੜਕ ਹੀ ਨਹੀਂ ਹੋਵੇਗੀ ਇਸੇ ਥੀਂ ਧਿਆਨ ਕਰ ਲਵੋ) ॥

ਇਸਨੇ ਸ਼ੈਹਰ (ਦੌਲਤਾਬਾਦ) ਨੂੰ ਏਥੋਂ ਤ੍ਰਾਈਂ ਬਰਬਾਦ ਕਰਾਯਾ ਸੀ ਕਿ ਕੁੱਤਾ ਬਿਲੀ ਭੀ ਬਾਕੀ ਨਹੀਂ ਸੀ ਛੱਡਿਆ ਅੰਨ੍ਹਿਆਂ ਨੂੰ ਘੋੜਿਆਂ ਦੀ ਪੂਛ ਨਾਲ ਬੰਨ੍ਹਕੇ ਘਸੀਟ ਘਸੀਟ ਕੇ ਮਰਵਾਯਾ ॥ ਸਫਾ ੯ ਤੇ ੧੦

## ਤਵਾਰੀਖ ਹਿੰਦੁਸਤਾਨ ਸਫਾ ੧੩੪

ਪਟਨ ਸ਼ੈਹਰ ਨੂੰ ਇਸਨੇ ਖਾਕ ਵਿੱਚ ਮਿਲਾਯਾ ਅਤੇ ਕੋਲਾ ਦੇਵੀ ਨੂੰ ਬਦੋ ਬਦੀ ਆਪਣੇ ਮੈਹਲਾਂ ਵਿਖੇ ਲੈ ਆਂਦਾ ॥ ਸਫੇ ੧੦

## ਅਮੀਰ ਖ਼ੁਸਰੋ

ਜਲਾਲੁਦੀਨ ਖਿਲਜੀ ਨੇ ਸਭ ਦੇਸ ਮਾਲਵਾ, ਗੁਜ਼ਰਾਤ ਕੱਛ ਨੂੰ ਲੁੱਟ ਕੁੱਟ ਕੇ ਬਰਬਾਦ ਕਰ ਦਿੱਤਾ ਤੇ ਬਿਨਾਂ ਮਿੱਟੀਦੇ ਭਾਂਡਿਆਂ ਤੇ ਕਪੜਿਆਂ ਦੇ ਹੋਰ ਕੁਛ ਬਾਕੀ ਹਿੰਦੂਆਂ ਪਾਸ ਨਾਂ ਛੱਡਿਆ ਵੀਹ ਹਜ਼ਾਰ ਜੁਵਾਨ ਸੁੰਦਰ ਇਸਤ੍ਰੀ ਤੇ ਮਰਦ, ਬਾਲ ਮੁਸਲਮਾਨਾਂ ਨੂੰ ਬਤੌਰ ਇਨਾਮ ਦੇ ਵੰਡ ਦਿੱਤੇ ਚੌਦਾਂ ਹਜ਼ਾਰ ਹਿੰਦੂ ਰਿਖੀਆਂਦੇ ਸਿਰ ਵਢਵਾਕੇ ਕੋਟ ਦੀਆਂ ਕੰਧਾ ਪਰ ਰਖਵਾਕੇ ਸਭਨਾਂ ਉੂਪਰ ਦੀਵੇ ਜਗਾ ਦਿੱਤੇ ਫੇਰ ਜਮਨਾਂ ਵਿੱਚ ਸੁਟਵਾ ਦਿੱਤੇ ਸਫ਼ਾ ੧੧ ॥

## ਤਵਾਰੀਖ ਫ਼ਹਿਰਿਸ਼ਤਾ

ਫ਼ੀਰੋਜ਼ਸ਼ਾਹ ਨੇ ਜਦ ਨਗਰ ਕੋਟ ਕਾਂਗੜਾ ਫ਼ਤੇ ਕੀਤਾ ਤਦ ਸਭ ਹਿੰਦੂਆਂ ਨੂੰ ਮਾਰਕੇ ਮੂਰਤਾਂ ਨੂੰ ਤੋੜ ਦਿੱਤਾ ਤੇ ਉਨ੍ਹਾਂ ਪਰ ਗਊਦਾ ਮਾਸ ਲਪੇਟ ਕਰਕੇ ਬ੍ਰਾਹਮਣਾਂ ਦੇ ਗਲ ਵਿੱਚ ਬੰਨਵਾ ਦਿਤੀਆਂ ਤੇਰਾਂ ਹਜ਼ਾਰ ਹਿੰਦੂ ਮੂਰਤੀ ਪੂਜਕਾਂ ਨੂੰ ਪਕੜਕੇ ਸਭਨਾਂ ਦੇ ਮੂੰਹਾਂ ਵਿੱਚ ਗਊ ਮਾਸ ਦੇਕੇ ਮਰਵਾ ਦਿੱਤਾ ਸਫ਼ਾ੧੨॥

ਰਾਨਾਮਲ ਭੱਟੀ ਦੀ ਪੁਤ੍ਰੀ ਨੂੰ ਗ਼ਿਆਸੁਦੀਨ ਨੇ ਬਦੋ ਬਦੀ ਮੁਸਲਮਾਂਨ ਕੀਤਾ ਤੇ ਉਸਨਾਲ ਨਿਕਾਹ ਕੀਤਾ ਜਿਸਦੀ

ਕੁਖੋਂ ਫ਼ੀਰੋਜ਼ਸ਼ਾਹ ਜਨਮਿਆਂ ਏਸੇ ਬਾਦਸ਼ਾਹ ਦੀ ਬਾਦਸ਼ਾਹੀ ਦੇ ਸਮੇ ਜੈਸਲਮੇਰ ਵਿੱਚ ਅਠਹਜ਼ਾਰ ਤੇ ਬਠਿੰਡੇ ਵਿੱਚ ੨੪ ਹਜ਼ਾਰ ਔਰਤਾਂ ਨੇ ਆਪਣਾ ਨੰਗ ਨਾਮੂਸ ਤੇ ਪਤ ਬਚਾਉਨ ਲਈ ਜੀਉਂਦੇ ਜੀ ਆਪਨੇ ਆਪਨੂੰ ਸਾੜ ਲੀਤਾ ਸਫ਼ੇ ੧੩ ॥

ਤੈਮੂਰ ਨੇ ਦਿਆਲਪੁਰ ਦੇ ਇਲਾਕੇ ਵਿੱਚ ਪੰਜਹਜ਼ਾਰ ਅਜੁਧੱਜਾਦੇ ਇਲਾਕੇ ਵਿਚੋਂ ੧੪ ਹਜ਼ਾਰ, ਕਾਸ਼ੀ ਦੇ ੨੦ ਹਜ਼ਾਰ ਮੂਰਤੀ ਪੂਜਕ ਹਿੰਦੂ ਤੇ ਬ੍ਰਹਮਣਾਂ ਨੂੰ ਕਤਲ ਕਰਵਾਯਾ ਅਤੇ ਉਨ੍ਹਾਂ ਦੇ ਬਾਲਬੱਚੇ ਨੂੰ ਦਾਸੀ ਦਾਸ ਬਨਾਕੇ ਫ਼ੌਜੀਆਂ ਵਿੱਚ ਵੰਡ ਦਿੱਤੇ ਸੇ ਇਸਨੇ ਸ਼ੈਹਰ ਭਟਨੇਰ ਵਿੱਚ ੨੯ ਹਜ਼ਾਰ ਹਿੰਦੂਆਂ ਨੂੰ ਇੱਕ ਮਕਾਨ ਵਿੱਚ ਬੰਦ ਕਰਕੇ ਅੱਗ ਲਾਦਿਤੀ ਸੀ ਤੇ ਅੱਗ ਥੀਂ ਭੱਜੇ ਹੋਏ ਦਸਹਜ਼ਾਰ ਪੁਰਖਾਂ ਨੂੰ ਪਕੜਕੇ ਕਤਲ ਕਰਵਾਯਾ ਸੀ ਸਫ਼ੇ ੧੪ ॥

ਇਕ ਲਖ ਪੰਜਾਹ ਹਜ਼ਾਰ ਤੁਰਕੀ ਸਿਪਾਹੀਆਂ ਨੂੰ ਉਸਨੇ ਲੁੱਟ ਕੁੱਟ ਪਰ ਅਸਥਿਤ ਛੱਡਿਆਸੀ ਦਿੱਲੀ ਵਿੱਚ ਬੈਠ ਕੇ ਬੜੀ ਸ਼ੇਖ਼ੀ ਮਾਰਕੇ ਕੈਹੰਦਾ ਹੁੰਦਾ ਸੀ ਕਿ ਭਾਵੇਂ ਮੈਂ ਪੈਹਿਲੇ ਲਖਾਂ ਹੀ ਹਿੰਦੂ ਮਰਵਾ ਚੁੱਕਾ ਹਾਂ ਪਰ ਫੇਰ ਭੀ ਬੈਠਣਾ ਕਠਿਨ ਹੈ ਕਿਉਂਕਿ ਮੈਤਾਂ ਕੇਵਲ ਹਿੰਦੂਆਂ ਨੂੰ ਜੜਾਂ ਥੀਂ ਪੁਟਨ ਆਯਾ ਹਾਂ ਵਿਸ਼ੇ ਭੋਗਾਂ ਦੇ ਭੋਗਨ ਵਾਸਤੇ ਨਹੀਂ ਆਯਾ ਸਫ਼ਾ ੧੪ ॥

## ਤੋਜ਼ਕ ਬਾਬਰੀ

ਜੇਹੜੇ ਹਿੰਦੂ ਜੁੱਧਾਂ ਜੰਗਾਂ ਵਿੱਚ ਕੈਦ ਕੀਤੇ ਜਾਂਦੇ ਸੇ ਓਹ ਸਾਰੇਹੀ ਬਾਦਸ਼ਾਹ ਦੇ ਰੋਬਰੂ ਕਤਲ ਕੀਤੇ ਜਾਂਦੇ ਸੇ ਸਫ਼ਾ ੧੫ ॥

ਸ਼ਹਾਬੁਦੀਨ ਅਤੇ ਮਹਮੂਦਨੇ ਉਸ ਕਨੌਜ ਨੂੰ ਲੁੱਟ ਕੁੱਟ ਕੇ ਸਾਰਾ ਬਰਬਾਦ ਕਰ ਦਿੱਤਾ ਸੀ ਜਿਸ ਵਿੱਚ ਕੇਵਲ ਵੀਹ ਪਨਵਾਰੀ ਹਜ਼ਾਰ ਦੀਆਂ ਹੀ ਹੱਟਾਂ ਸਨ ਸਫ਼ਾ ੧੬ ॥

## ਅਮੀਰ ਖ਼ੁਸ਼ਰੋ

---

ਭਿਲਸੇ ਸ਼ੈਹਰ ਦਾ ਮੰਦਰ ਜੋ ਇਕ ਸੌ ਪੰਜ ਗਜ਼ ਉੱਚਾ ਤੇ ਅਧਾ ਮੀਲ ਲੰਬਾ ਤੇ ਚੌੜਾਸੀ ਸ਼ਮਸੁੱਦੀਨ ਨੇ ਤੋੜ ਤਾੜ ਸੁਟਾਯਾ ਇਸਦੇ ਬਚਾਉਨ ਵਿੱਚ ਲਖਾਂਹੀ ਹਿੰਦੂ ਵਢੇ ਗਏ ਤੇ ਓੜਕ ਨੂੰ ਉਸਦੀ ਥਾਂ ਪਰ ਮਸੀਤ ਬਨਵਾਈ ਗਈ ॥

ਫ਼ਾਤਿਹਾ ਇਸਲਾਮ ( ਮੀਰਮਾਸੂਮ ਤਵਾਰੀਖ ਵਿੱਚ ਲਿਖਿਆ ਹੈ ) ਨੇ ਆਰੰਭ ਵਿੱਚ ਹੀ ਇਹੁ ਹੁਕਮ ਜਾਰੀ ਕੀਤਾ ਸੀ ਕਿ ਕੋਈ ਹਿੰਦੂ ਕਪੜਾ ਚੰਗਾ ਨਾਂ ਪਹਿਨ

ਸਕੇ ਚੰਗਾ ਭੋਜਨ ਨਾਂ ਖਾਵੇ ਘੋੜੇ ਦੀ ਸ੍ਵਾਰੀ ਨਾਂ ਕਰੇ ਦੋ ਛੱਤਾ ਮਕਾਂਨ ਨਾਂ ਬਨਵਾਵੇ ਸੁੰਦਰ ਲੜਕਾ ਲੜਕੀ ਨਾਂ ਰਖ ਸਕੇ ਜੇਕਰ ਲੜਕਾ ਯਾ ਲੜਕੀ ਸੁੰਦਰ ਜੰਮੇਤਾਂ ਮੁਸਲਮਾਂਨਾਂ ਨੂੰ ਦੇ ਦੇਨ ਪਾਖ਼ਾਨੇ ਦਾ ਮੂੰਹ ਪੱਛੋਂ ਵਲ ਨਾਂ ਰਖੇ ਸਫ਼ੇ ੧੯ ॥

## ਤਵਾਰੀਖ ਚੱਚਨਾਮਾ

ਐਉਂ ਲਿਖਦਾ ਹੈ ਕਿ ਖ਼ਲੀਫ਼ੇ ਦਾ ਹੁਕਮਸੀ ਕਿ ਕਾਫ਼ਰਾਂ ਹਿੰਦੂਆਂ ਨੂੰ ਚੈਨ ਨਾਂ ਲੈਣ ਦੇਵੋ ਜਿਥੋਂ ਤੱਕ ਹੋ ਸਕੇ ਇਸਲਾਮ ਮਜ਼੍ਹਬ ਵਿੱਚ ਲੈ ਆਵੋ ਨਾਂ ਮੰਨਨ ਤਾਂ ਕਤਲ ਕਰ ਦਿਓ ਸਫ਼ੇ ੧੯ ॥

ਤੈਮੂਰ ਸ਼ਾਹਨੇ ਆਪਣੇ ਹਾਲ ਵਿੱਚ ਲਿਖਿਆ ਹੈ ਕਿ ਮੈਂ ਜੋ ਕਸ਼ਟ ਉਠਾਕੇ ਹਿੰਦੁਸਤਾਂਨ ਵਿੱਚ ਆਯਾ ਹਾਂ ਸੋ ਕੇਵਲ ਦੋ ਗੱਲਾਂ ਲਈ ਆਯਾ ਹਾਂ ਇੱਕ ਤਾਂ ਹਿੰਦੂ ਕਾਫ਼ਰਾਂ ਨੂੰ ਦੀਨ ਵਿੱਚ ਲਿਆਵਾਂ ਯਾਂ ਕਤਲ ਕਰਾਂ ਦੂਜਾ ਉਨ੍ਹਾਂ ਦਾ ਮਾਲ ਮਤਾ ਲੁੱਟ ਕੁੱਟ ਕੇ ਮੁਸਲਮਾਨਾਂ ਨੂੰ ਲਾਭ ਪੌਚਾਵਾਂ ਤਿਮੂਨਾਸਕ ਸਫ਼ੇ ੬੮ ॥

## ਹੋਰ ਤਾਰੀਖ਼ਾਂ ਇੰਗ੍ਰੇਜ਼ੀ ਵਗ਼ੈਰਾ ਵਿਚੋਂ

ਉਰਦੂ ਤਾਰੀਖ ਹਿੰਦ ਅਲਫ ਇਨਹੇਨਿਸਟਨ ੪੯੧

ਪਤ੍ਰੇ ਪਰ ਲਿਖਿਆ ਹੈ ਕਿ ਸਮੁੰਦ੍ਰਾਂ ਦੇ ਰਾਹੁ ਥਾਣੀ ਸਿੰਧ ਪਰ ਅਰਬਵਾਲਿਆਂ ਦਾ ਆਉਨਾਂ ਪੈਹਲੇਹੀ ਸਮੇ ਥੀਂ ਅਰਥਾਤ ਖ਼ਲੀਫ਼ੇ ਉਮਰ ਦੇ ਰਾਜਦੇ ਸਮੇਂ ਹੋਯਾ ਇਹੁ ਪਰ ਪੱਕ ਮਲੂਮ ਹੁੰਦਾ ਹੈ ਕਿ ਸਿੰਧ ਦੀਆਂ ਸੁੰਦਰ ਸੋਹਣੀਆਂ ਇਸਤ੍ਰੀਆਂ ਦੇ ਲਈ ਲੁਟੇਰਿਆਂ ਨੇ ਵਿਚਾਰੀ ਹੋਵੇਗੀ ਕਿਉਂਕਿ ਅਰਬ ਦੇਸ ਵਿੱਚ ਇਸ ਦੇਸ਼ਦੀਆਂ ਸੁੰਦਰੀਆਂ ਦੀ ਬੜੀ ਇਛਾ ਹੈ ॥

ਏਸੇ ਤਵਾਰੀਖ਼ ਦੇ ੪੯੩ ਸਫ਼ੇ ਜਦ ਮੁਹੰਮਦ ਕਾਸਮ ਨੇ ਦੇਵਲ ਦਾ ਮੰਦਰ ਤੇ ਕੋਟ ਫ਼ਤੇ ਕੀਤਾ ਤਾਂ ਉਸਨੇ ਪੈਹਲੇ ਪੈਹਲ ਇਹੀ ਚਾਹਿਆ ਕਿ ਬ੍ਰਹਮਣਾਂ ਦੀ ਸੁੰਨਤ ਕੀਤੀ ਜਾਵੇ ਪ੍ਰੰਤੂ ਉਨ੍ਹਾਂ ਨੇ ਨਾਂ ਮੰਨੀ ਤਾਂ ਮੁਹੰਮਦ ਕਾਸਮ ਨੇ ਸਾਫ਼ ਹੁਕਮ ਦਿੱਤਾ ਕਿ ੧੭ ਵਰਹੇਥੀਂ ਵਡੇ ਸਾਰੇ ਕਤਲ ਕਰੋ ਛੋਟੀ ਉਮਰਾਂ ਵਾਲੇ ਦਾਸ ਦਾਸੀ ਬਨਾਕੇ ਬਗ਼ਦਾਦ ਭੇਜ ਦੇਵੋ ॥

ਏਸੇ ਤਾਰੀਖ਼ਦੇ ੪੯੫ ਸਫ਼ੇ ਪਰ ਤੇ ਤਾਰੀਖ਼ ਰਾਤ ਸਾਹਿਬ ਜਿਲਦ ਨੰਬ੍ਰ ੧ ਸਫ਼ੇ ੩੨੭ ॥

ਤਰਜੁਮਾ ਤਾਰੀਖ਼ ਫ਼ਰਿਹਿਸ਼ਤਾ ਬਰਗਜ ਸਾਹਿਬ
ਜਿਲਦ ੪ ਸਫ਼ੇ ੪੦੯॥

ਰਾਜਾ ਦਾਹਰ ਦੀ ਵਿਧਵਾ ਇਸਤ੍ਰੀ ਨੇ ਮੁਹੰਮਦ ਕਾਸਮ

ਨਾਲ ਖੂਬ ਜੁਧ ਕੀਤਾ ਓੜਕ ਨੂੰ ਘੇਰੀ ਗਈ ਤੇ ਜ਼ਖੀਰਾ ਮੁੱਕ ਗਿਆ ਤਾਂ ਸਭ ਬਾਲ ਬੱਚੇ ਤੇ ਇਸਤ੍ਰੀਆਂ ਅੱਗ ਵਿਚ ਪੈਕੇ ਸੜ ਗਈਆਂ ਤੇ ਪੁਰਖਾਂਨੇ ਸ਼ੈਹਰਦਾ ਬੂਹਾ ਖੋਲ੍ਹ ਕੇ ਖੂਬ ਹਥ ਦਿਖਾਏ ਪਰ ਓੜਕ ਨੂੰ ਹਾਰ ਗਏ ਤੇ ਸਾਰੇ ਹੀ ਮਾਰੇ ਗਏ ਜਾਂ ਮੁਸਲਮਾਂਨ ਸ਼ੈਹਰ ਵਿੱਚ ਆਂਨ ਵੜੇ ਤਾਂ ਬਾਕੀ ਬਚਿਆਂ ਨੂੰ ਕਤਲ ਕਰਕੇ ਉਨ੍ਹਾਂ ਦੇ ਬਾਲ ਬੱਚੇ ਸਭ ਦਾਸ ਬਨਾਕੇ ਲੈ ਗਏ ॥

ਉਪਰ ਲਿਖੀ ਤਾਰੀਖ਼ ਸਫ਼ੇ ੪੯੭ ਜੇਹੜਾ ਵਰਤਾਰਾ ਮੁਸਲਮਾਂਨ ਹਿੰਦੂਆਂ ਨਾਲ ਵਰਤ ਦੇਸੇ ਸੋ ਜਿਸਤਰਾਂ ਅਰੰਭ ਵਿੱਚ ਅਰਬ ਦੇਸ਼ ਵਿੱਚ ਫ਼ਤੇ ਦੇ ਸਮੇਂ ਖ਼ੂਨ ਰੇਜ਼ੀ ਹੋਈ ਸੀ ਏਸੇ ਤਰਾਂ ਏਥੇ ਭੀ ਹੁੰਦੀ ਸੀ ਜਦੋਂ ਕਦੋਂ ਕਿਸੇ ਵਸਤੀ ਪਰ ਹੱਲਾ ਕੀਤਾ ਜਾਂਦਾਸੀ ਤਾਂ ਵਸ ਕੀਨਾਂ ਨੂੰ ਪੈਹਿਲੇ ਪੈਹਿਲ ਇਹ ਆਖਯਾ ਜਾਂਦਾਂਸੀ ਕਿ ਤੁਸੀ ਦੀਨ ਇਸਲਾਮ ਅੰਗੀਕਾਰ ਕਰੋ ਯਾਂ ਜੇਜ਼ੀਆ ਦੇਵੋ ਸੋ ਜੇਕਰ ਕੋਈ ਨਾਂਹ ਕਰਦਾ ਤਾਂ ਤੜਕ ਬਸਤੀ ਪਰ ਹਮਲਾ ਹੋ ਜਾਂਦਾ ਤੇ ਸਭ ਹਥਜਾਰ ਬੰਦ ਲੋਕ ਕਤਲ ਕਰਦੇਂਦੇ ਤੇ ਉਨ੍ਹਾਂ ਦੇ ਬਾਲ ਬੱਚੇ ਨੂੰ ਦਾਸ ਦਾਸੀ ਦੀ ਤਰਾਂ ਵੇਚਦੇ ਸੇ ॥

ਏਸੇ ਤਵਾਰੀਖ਼ਦੇ ੫੩੦ ਸਫ਼ੇ ਪਰ ਨਗਰਕੋਟ ਦੇ ਮੰਦਰ ਵਿੱਚੋਂ ਸੱਤ ਲਖ ਸੋਨੇ ਦੀਆਂ ਮੋਹਰਾਂ ਤੇ ਨੌ ਸੌ ਮਨ ਸੋਨਾ ਦੋ ਹਜ਼ਾਰ ਮਨ ਚਾਂਦੀ ਵੀਹ ਮਨ ਜੁਵਾਹਰਾਤ ਲੈ ਗਿਆਜੀ॥

ਏਸੇ ਦੇ ੫੩੫ ਸਫ਼ੇ ਪਰ ਮਹਮੂਦ ਮਥਰਾ ਦੇ ਮੰਦਰਾਂ ਨੂੰ ਵੀਹਾਂ ਦਿਨਾਂ ਤੀਕ ਢਹਾਂਉਂਦਾ ਰਿਹਾ ਤੇ ਮੂਰਤ ਤੋੜਾਉਂਦਾ ਅਤੇ ਸ਼ੈਹਰ ਨੂੰ ਲੁੱਟਦਾ ਰਿਹਾ॥

ਸਫ਼ੇ ੫੩੬ ਮਹਮੂਦਨੇ ਮਹਾਬਨ ਦੇ ਰਾਜੇ ਨਾਲ ਸੁਲ੍ਹਾ ਦਾ ਇਕਰਾਰ ਕਰਕੇ ਫੇਰ ਧੋਖਾ ਕੀਤਾ ਕਈ ਹਿੰਦੂ ਕਤਲ ਹੋਏ ਹਜ਼ਾਰਾਂਹੀ ਦਰਯਾਉ ਵਿੱਚ ਡੁਬ ਡੁਬ ਕੇ ਮਰਗਏ ਰਾਜੇ ਨੇ ਆਪਣੀ ਇਸਤ੍ਰੀ ਪੁਤ੍ਰਾਂ ਨੂੰ ਕਤਲ ਕਰਕੇ ਆਪਣੀ ਜਾਂਨ ਗਵਾਈ ॥

ਸ਼ੈਹਰ ਮੁਨਜ ਵਿੱਚ ਲੋਕਾਂਨੇ ਆਪਣੇ ਆਪਨੂੰ ਕੋਟ ਦੀਆਂ ਕੰਧਾਂ ਥੀਂ ਡੇਗ ਡੇਗ ਕੇ ਮਾਰ ਲੀਤਾ ਅਤੇ ਅੱਗ ਵਿੱਚ ਧੀਆਂ ਪੁੱਤ੍ਰਾਂ ਸਮੇਤ ਸੜ ਮਰੇ ਗਲ ਕਾਹਦੀ ਕੋਈ ਜੀਉਂਦਾ ਨਾਂ ਬਚਿਆ ॥

ਏਸੇ ਦੇ ੫੪੦ ਸਫ਼ੇ ਪਰ ਮਹਾਮੂਦਨੇ ਅਜਮੇਰ ਦਾ ਦੇਸ ਲੁੱਟ ਕੁੱਟ ਕੇ ਬਰਬਾਦ ਕਰ ਦਿੱਤਾ ॥

ਸਫ਼ਾ ੫੪੩ ਸੋਮਨਾਥ ਦੀ ਮੂਰਤੀ ਦੇ ਦੋ ਟੁਕੜੇ ਕਰਕੇ ਮਦੀਨੇ ਭੇਜੇ ਗਏ ਦੋ ਟੋਟੇ ਗ਼ਜ਼ਨੀ ਭੇਜੇ ਗਏ ਇਕ ਟੁਕੜਾ ਦੀਵਾਂਨ ਆਮ ਵਿੱਚ ਤੇ ਇੱਕ ਟੁਕੜਾ ਜਾਮਾ ਮਸੀਤਦੀ ਭੇਟਾ ਕੀਤਾ ਗਿਆ॥

ਸ਼ਫ਼ਾ ੫੫੭ ਭਾਵੇਂ ਮਾਹਮੂਦ ਦੇ ਜਹਾਦਾਂ ਵਿਚੋਂ ਪ੍ਰਤਿਕੂਲ ਬਾਤ ਇਹੁ ਹੈ ਜੋ ਇਕ ਮੁਸਲਮਾਂਨ ਵਿਦਵਾਨ

ਨੇ ਲਿਖੀ ਹੈ ਤੇ ਪ੍ਰਾਨੀਸ ਸਾਹਿਬ ਨੇ ਆਪਣੀ ਤਵਾਰੀਖ਼ ਵਿੱਚ ਇਹੁ ਨਿਰਨੇ ਕੀਤੀ ਹੈ ਸੋ ਇਹੁ ਹੈ ਕਿ ਜੇਹੜੇ ਕੈਦੀ ਹਿੰਦੁਸਤਾਂਨ ਵਿਚੋਂ ਫੜਕੇ ਲੈ ਗਏ ਸੋ ਓਹੁ ਐਨੇ ਸਨ ਕਿ ਦਾਸੀ ਦਾਸ ਬਨਾਉਨ ਲਈ ਭੀ ਕੋਈ ਸਵਾ ਦੋ ਦੋ ਰੁਪਏ ਨੂੰ ਭੀ ਨਹੀਂ ਸੀ ਖ਼੍ਰੀਦਦਾ ॥

ਤਵਾਰੀਖ਼ ਟਾਡ ੨੬੩ ਸਫ਼ਾ ਜੁਵਾਂਨ ਮਹਮੂਦ ਦੇ ਕਰਤਬਾਂ ਨੂੰ ਦੇਖਕੇ ਆਕਾਸ਼ ਦੀਆਂ ਅੱਖਾਂ ਅੰਨੀਆਂ ਹੋ ਗਈਆਂ॥

ਤਾਰੀਖ਼ ਅਲਫਇਨਸਟਨ ਸਫ਼ੇ ੫੯੨ ਇਹੁ ਸ਼ਹਾਬੁਦੀਨ ਮਹਮੂਦ ਨਾਲੋਂ ਭੀ ਵਧੀਆ ਸ ਜ਼ਾਲਮ ਸੀ ਜੇਹਾ ਕੁ ਜਦੋਂ ਇਸਨੇ ਇਸ ਲੜਾਈ ਥੀਂ ਥੋੜੇ ਦਿਨਾਂ ਮਗਰੋਂ ਅਜਮੇਰ ਨੂੰ ਫ਼ਤੇ ਕੀਤਾ ਤਾਂ ਉਸਥਾਂ ਦੇ ਵਸਕੀਨਾਂ ਕਈ ਹਜ਼ਾਰਾਂ ਨੂੰ ਗਰਦਨ ਮਾਰਿਆ ਤੇ ਬਾਕੀ ਦੀਆਂ ਇਸਤ੍ਰੀਆਂ ਬਾਲਕਾਂ ਨੂੰ ਦਾਸੀਆਂ ਦਾਸ ਬਨਾਯਾ ॥

ਏਸੇ ਤਰਾਵੀਖ਼ ਵਿੱਚ ਸਫ਼ੇ ੫੯੭ ਪੰਜਾਬ ਦੇ ਗਖੜਾਂ ਤੇ ਗ਼ਜ਼ਨੀ ਦੇ ਪੂਰਬ ਪਾਸੇ ਦੇ ਹਿੰਦੂਆਂ ਨੂੰ ਸ਼ਹਾਬੁਦੀਨ ਨੇ ਬਦੋਬਦੀ ਮੁਸਲਮਾਂਨ ਬਨਾਯਾ ॥

ਤਾਰੀਖ਼ ਟਾਡ ਸਫ਼ੇ ੨੭੧ ਜਦੋਂ ਕਨੌਜ ਫ਼ਤੇ ਹੋਯਾ ਤੇ ਆਪਣੀ ਕੌਮ ਦਾ ਵੈਰੀ ਨਿਮਕ ਹਰਾਮ ਜੈਚੰਦ ਆਪਣੀ ਕਰਤੂਤ ਕਰਕੇ ਰੀਗਾਦੀ ਲੈਹਰ ਵਿਚ ਡੁਬ ਮਰਿਆ ਤਾਂ ਚੋਹਾਨ ਦੀ ਗੱਦੀ ਦਾ ਝਗੜਾ ਕਰਨ ਵਾਲਾ ਸ਼ਹਾਬੁਦੀਨ

ਨਾਲ ਕੋਈ ਬਾਕੀ ਨਾ ਰਿਹਾ ਤਦ ਲੂਟਘਸੁਟ ਕਤਲ ਮਾਰਾ ਪਿੱਟੀ ਦੇ ਅੰਗਾਰੇ ਉਡਨੇ ਅਰੰਭ ਹੋਗਏ ਜੇਹੜੇ ਸੈਕੜੇ ਹੀ ਬਰਸਾਂ ਹੁੰਦੇ ਰਹੇ ਇਸ ਸਮੇ ਵਿਖੇ ਲਗ ਭਗ ਸਭ ਧਾਰਮਕ ਮੰਦਰ, ਵਿਦਯਾ ਹੁਨਰ ਹਿੰਦੂਆਂ ਦੇ ਵੈਹਸ਼ੀ ਤੇ ਬੇਦਰਦ ਅਤਯਾਚਾਰਾਂਦੇ ਹਥੋਂ ਸਭ ਬਰਬਾਦ ਕੀਤੇ ਗਏਸੇ ਭਲੇ ਮਾਨਸ ਰਾਜਪੂਤਾਂ ਨੇ ਬੜੀ ਹਿੰਮਤ ਤੇ ਸੰਤੋਖ ਨਾਲ ਅਤੇ ਦਲੇਰੀ ਕਰਕੇ ਹਰ ਸਮੇ ਪਰ ਤਿਨ੍ਹਾਂ ਦਾ ਮੂੰਹ ਤੋੜਿਆ ਬਹੁਤੇਰੀਆਂ ਬਹਾਦੁਰੀਆਂ ਕਰਕੇ ਵੈਰੀਆਂ ਦੇ ਮੂੰਹ ਭੰਨੇ ਪਰ ਭਾਵੀ ਨਾਲ ਕੁਛ ਵਾਹੁ ਨਾਂ ਚਲ ਸੱਕੀ ਓੜਕ ਨੂੰ ਸਿਰ ਨੀਵਾਂ ਕਰਨਾ ਹੀ ਪਿਆ ਰਾਜਸਥਾਨ ਦੀਆਂ ਕੁਲ ਸੜਕਾਂ ਤੇ ਰਾਹ ਜਿਤ ਵਾਲਿਆਂ ਦੇ ਲਹੂ ਦੀ ਨਦੀ ਨਾਲ ਵਗਨ ਲਗੀਆਂ ਸੇ ਪਰ ਅਫਲ ਹਰ ਸਮੇ ਪਰ ਜਿਤ ਵਾਲਿਆਂ ਦੇ ਸਾਮਾਂਨ ਪਹੁੰ-ਚਦੇ ਰਹੇ ਤੇ ਇਕ ਦੇ ਮਗਰੋਂ ਦੂਸਰਾ ਗੱਦੀ ਪਰ ਬੈਠਦਾ ਰਿਹਾ ਜੋ ਇਕ ਨਾਲੋਂ ਦੂਸਰਾ ਵਧ ਜ਼ਾਲਮ ਹੁੰਦਾ ਰਿਹਾ ਜੋ ਸਦੀਵ ਕਤਲ, ਬਰਬਾਦੀ ਸ਼ਰਈ ਹੁਕਮਾਂ ਨੂੰ ਖ਼ੁਦਾ ਦਾ ਹੁਕਮ ਜਾਨਕੇ ਮੰਨਦੇ ਸੇ ਤਿਨਾਂ ਦੀ ਲੜਾਈ ਕਰਕੇ ਰਾਜਪੂਤਾਂ ਦੀਆਂ ਸਭ ਕੌਮਾਂ ਪ੍ਰਿਥਵੀ ਉਪਰੋਂ ਜਾਂਦੀਆਂ ਰਹੀਆਂ ਸੇ ਜਿਨ੍ਹਾਂ ਦੀਆਂ ਕੌਮਾਂ ਦੇ ਨਾਮ ਤੇ ਵਡਿਆਈਆਂ ਦੇ ਕੇਵਲ ਨਾਮ ਹੀ ਨਾਮ ਯਾਦ ਰਹੇ ਹਨ ॥

ਤਾਰੀਖ ਅਲਫਫ਼ਿਨਸਟਨ ਸਫ਼ਾ ੬੧੯ ਵਿਚ ਲਿਖਦਾ ਹੈ ਕਿ

ਇਕ ਲਖ ਆਦਮੀ ਉਸਨੇ ਮੇਵਾਤ ਵਿੱਚ ਕਤਲ ਕਰਵਾਯਾ॥

ਏਸੇ ਤਾਰੀਖ਼ ਦੇ ੬੨੯ ਸਫ਼ੇ ਪਰ

ਦੇਵਗੜ੍ਹ ਨੂੰ ਇਲਾਉਦੀਨ ਖ਼ਿਲਜੀ ਨੇ ਲੁਟਿਆ ਤੇ ਰੁਪਯਾ ਇਕੱਤ੍ਰ ਕਰਨ ਲਈ ਲੋਕਾਂ ਨੂੰ ਭਾਂਤ ਭਾਂਤ ਦੇ ਦੁਖ ਦੇਂਦਾ ਰਤਨਭੌਰ ਇਕ ਵਰਹੇ ਮਗਰੋਂ ਫ਼ਤੇ ਹੋਯਾ ਤੇ ਸਭ ਰਾਜੇ ਦਾ ਲਸ਼ਕਰ ਸਮੇਤ ਰਾਜੇ ਦੇ ਘਿਰਕੇ ਮਾਰਿਆ ਗਿਆ ਅਲਾਉਦੀਨ ਨੇ ਕੇਵਲ ਦੇਵੀ ਦੇ ਲਈ ਰਾਜਪੂਤਾਂ ਪਰ ਕਈ ਹਮਲੇ ਕੀਤੇ ਤੇ ਚਿਤੌੜ ਪਰ ਰਾਜੇ ਦੀ ਇਸਤ੍ਰੀ ਨੂੰ ਜਬਰਨ ਖੋਹਨ ਲਈ ਬੜੇ ਕਠੋਰ ਹਮਲੇ ਕੀਤੇ ਤੇ ਬੇਓੜਕ ਕਤਲ ਕੀਤੇ॥

ਏਸੇ ਤਾਰੀਖ਼ ਦੇ ੬੫੨ ਸਫ਼ੇ ਪਰ

ਮੁਬਾਰਕ ਸ਼ਾਹੁ ਖ਼ਿਲਜੀ ਨੇ ਦੇਵਗੜ੍ਹ ਦੇ ਰਾਜੇ ਹਰਪਾਲ ਦੇਉ ਦੀ ਜੀਉਂਦੇ ਜੀ ਖਲ ਲਹਾਈ ਸੀ॥

ਏਸੇ ਤਾਰੀਖ਼ ਦੇ ਸਫ਼ੇ ੬੬੦ ਪਰ

ਬਹੁਤ ਸਤੇ ਹੋਏ ਜ਼ਿਮੀਦਾਰ ਆਪਣੀ ਖੇਤੀ ਬਾੜੀ ਛੱਡਕੇ ਚਲੇ ਗਏ ਜੰਗਲਾਂ ਵਿੱਚ ਜਾ ਵਸੇ ਹੋਰ ਭੀ ਬਹੁਤ ਲੋਕ ਆਪਨੇ ਘਰ ਬਾਰ ਨੂੰ ਤਿਆਗ ਕੇ ਨਠ ਗਏ (ਮੁਹੰਮਦਸ਼ਾਹ ਤੁਗਲਕ) ਇਨ੍ਹਾਂ ਬਾਤਾਂ ਦੇ ਹਟਾਉਨ ਦਾ ਜੋ ਸਬਬ ਸੀ ਬੜਾ ਹੀ ਗੁਸੇ ਹੋਯਾ ਤੇ ਅਜੇਹੀ ਬੁਰੀ ਤਦਬੀਰ ਨਾਲ ਬਦਲਾ ਲੀਤਾ ਜੋ ਸਭ ਹੀ ਜ਼ੁਲਮਾਂ ਨਾਲੋਂ ਵਧਕੇ ਸੀ ਅਰਥਾਤ ਇਸਨੇ ਅਪਨੀ ਫ਼ੌਜ ਨੂੰ ਸ਼ਿਕਾਰ ਖੇਡਨ ਦਾ ਹੁਕਮ ਦਿੱਤਾ ਤੇ ਸ਼ਿਕਾਰ ਦੇ ਢੰਗ ਪਰ ਹਿੰਦੁਸਤਾਨ ਦੇ ਬੜੇ

ਮੈਦਾਂਨ ਨੂੰ ਜਾ ਘੇਰਿਆ ਤੇ ਹੁਕਮ ਦਿੱਤਾ ਕਿ ਜੋ ਪੁਰਖ ਘੇਰੇ ਵਿੱਚ ਆਵੇ ਉਸਨੂੰ ਸ਼ਿਕਾਰ ਵਾਂਗੂੰ ਕਤਲ ਕਰੋ ਏਸੇ ਤਰਾਂ ਹੀ ਕਈ ਵਾਰੀ ਸ਼ਿਕਾਰ ਖੇਡਦਾ ਰਿਹਾ ਸਭਥੀਂ ਪਿਛਲਾ ਸ਼ਿਕਾਰ ਕਨੌਜ ਦੇ ਵਸਨੀਕਾਂ ਪਰ ਹੋਯਾ ਜੋ ਕਤਲ ਕੀਤੇ ਗਏ

ਏਸੇ ਤਾਰੀਖ਼ ਸਫ਼ੇ ੬੭੬

ਇਸਥੀਂ ਮਗਰੋਂ ਤੈਮੂਰ ਭਟਨੇਰ ਗਿਆ ਤੇ ਸਭ ਲੋਕਾਂ ਨੂੰ ਕਤਲ ਕੀਤਾ ਘਰ ਸਾੜ ਦਿੱਤੇ ਸਭ ਲੋਕ ਜਾਨੋਂ ਮਾਰੇ ਗਏ ਫੇਰ ਸਮਾਨੇ ਨੂੰ ਮੁੜਿਆ ਗਲ ਕਾਹਦੀ ਜਿਨੀਂ ਰਾਹੀ ਗਿਆ ਕਤਲ ਕਰਦਾ ਗਿਆ॥

ਸਫ਼ੇ ੬੭੭ ਏਸੇ ਤਾਰੀਖ਼ ਵਿਚੋਂ

ਤੈਮੂਰ ਨੇ ਦਿੱਲੀ ਵਿੱਚ ਉਨ੍ਹਾਂ ਸਭ ਕੈਦੀਆਂ ਨੂੰ ਕਤਲ ਕਰਵਾਯਾ ਜਿਨਾਂ ਦੀ ਉਮਰ ਪੰਦਰਾਂ ਬਰਸਥੀਂ ਉਪਰ ਸੀ ਅਤੇ ਗਿਨਤੀ ਵਿਖੇ ਲਖ ਹੋਵੇਗੀ

ਪ੍ਰਸਹ

ਤੈਮੂਰ ਦੇ ਦਿੱਲੀ ਫ਼ਤੇ ਕਰਨ ਮਗਰੋਂ ਫ਼ੌਜ ਨੇ ਏਥੋਂ ਤਕ ਖ਼ੂਨ ਵਹਾਏ ਕਿ ਲੋਥਾਂ ਦੇ ਢੇਰਾਂ ਦੇ ਢੇਰ ਲਗ ਗਏ ਤੇ ਗਲੀਆਂ ਬਜ਼ਾਰਾਂ ਦੇ ਰਾਹੁ ਬੰਦ ਹੋਗਏ ਸੇ ਪੰਜ ਦਿਨ ਸ਼ਹਿਰ ਨੂੰ ਲੁਟਿਆ, ਸਾੜਿਆ, ਕਤਲਆਮ ਰਖੀ ਤੇ ਆਪਣੀਆਂ ਅੱਖਾਂ ਨਾਲ ਦੇਖਦਾ ਰਿਹਾ ਅਜੇਹੀ ਕਤਲ ਰਖੀ ਕਿ ਮੈਂ ਵਰਨੰਨ ਨਹੀਂ ਕਰ ਸਕਦਾ॥

ਏਸੇ ਤਾਰੀਖ਼ ਦੇ ੬੭੯ ਸਫ਼ੇ

ਸੋਗ ਦੀ ਥਾਂ ਸਗੋਂ ਮਜ਼ੇ ਲੁਟਦਾ ਤੇ ਜਸ਼ਨ ਉਡਾਯਾ ਕਰਦਾ ਫੇਰ ਫ਼ੀਰੋਜ਼ ਤੁਗਲਕ ਦੀ ਮਸੀਤ ਵਿੱਚ ਜਾਕੇ ਖ਼ੁਦਾ ਦਾ ਸ਼ੁਕਰ ਕੀਤਾ ਅਤੇ ਹਰ ਭਾਂਤ

ਦੀਆਂ ਔਰਤਾਂ ਮਰਦਾਂ ਨੂੰ ਦਾਸੀ ਦਾਸੇ ਬਨਾਇਆ ਸੀ ॥

ਏਸੇ ਤਾਰੀਖ਼ ਦੇ ਸਫ਼ੇ ੬੯੩ ਪਰ ਸਕੰਦਰ ਲੋਧੀ ਜੋ ਸ਼ਹਿਰ ਤੇ ਕੋਟ ਹਿੰਦੂਆਂ ਦੇ ਫ਼ਤੇ ਕਰਦਾ ਸੀ ਸੋ ਤੁੜਵਾ ਕੇ ਮੰਦਰਾਂ ਨੂੰ ਢਾਹ ਕੇ ਬਰਬਾਦ ਕਰ ਦੇਂਦਾ ਸੀ ਤੀਰਥ ਯਾਤ੍ਰਾ ਜਮਨਾ ਗੰਗਾ ਦੇ ਇਸ਼ਨਾਨ ਕਰਨੋ ਭੀ ਰੋਕਦਾ ਸੀ ॥

ਏਸੇ ਤਾਰੀਖ਼ ਦੇ ਸਫ਼ੇ ੬੯੫ ਪਰ ਬਾਬਰ ਦੀ ਫ਼ੌਜ ਨੇ ਲਾਹੌਰ ਨੂੰ ਸਾੜ ਫੂਕ ਕੇ ਸੁਆਹ ਕਰ ਦਿੱਤਾ ਫੇਰ ਇਸਥੀ ਉਪਰੰਤ ਦੀਪਾਲਪੁਰ ਪਰ ਚੜ੍ਹਾਈ ਕੀਤੀ ਤੇ ਲੋਕਾਂ ਨੂੰ ਪਕੜਕੇ ਜਕੜ ਕੇ ਮਾਰ ਮੁਕਾਯਾ ॥

ਏਸੇ ਤਾਰੀਖ਼ ਦੇ ਸਫ਼ੇ ੭੦੯ ਪਰ ਬਾਬਰ ਨੇ ਮੇਵਾੜ ਪਰ ਚੜ੍ਹਾਈ ਕਰਕੇ ਹਜ਼ਾਰਾਂ ਹੀ ਕਤਲ ਕਰ ਦਿੱਤੇ ਚੰਦੇਰੀ ਦੇ ਘੇਰੇ ਵਿੱਚ ਹਜ਼ਾਰਾਂ ਹੀ ਲੋਕਾਂ ਨੇ ਆਪਣੀਆਂ ਇਸਤ੍ਰੀਆਂ ਮਾਰ ਕੇ ਲੜਾਈ ਕੀਤੀ ॥

ਸਫ਼ੇ ੭੪੯ ਏਸੇ ਤਾਰੀਖ਼ ਪਰ ਸ਼ੇਰਸ਼ਾਹੁ ਨੇ ਰਾਇਸੈਨ ਦੇ ਕੋਟ ਵਿੱਚ ਹਿੰਦੂਆਂ ਨਾਲ ਧੋਖੇ ਬਾਜ਼ੀ ਕੀਤੀ ਤੇ ਸਭ ਕਤਲ ਕਰ ਦਿੱਤੇ ॥

੯੧੩ ਸਫ਼ੇ ਪਰ ਕੁਤਬ ਦੀ ਲਾਠ ਦੇ ਪਾਸ ਦਿੱਲੀ ਵਿੱਚ ਜੋ ਜਾਮਾ ਮਸੀਤ ਹੈ ਇਹੁ ਪਹਿਲੇ ਮੰਦਰ ਸੀ ਜਿਸ ਨੂੰ ਕੁਤਬਦੀਨ ਏਬਕ ਨੇ ਮੰਦਰੋਂ ਮਸੀਤ ਬਨਾਯਾ ਸੀ ॥

ਸਫ਼ੇ ੯੪੨ ਪਰ ਅਕਬਰ ਨੇ ਭਾਗਮਲ ਸਾਂਈ ਜੈਪੁਰਦੀ

ਸਪੁਤ੍ਰੀ ਨਾਲ ਨਿਕਾਹ ਪੜ੍ਹਾਯਾ ਚਿਤੌੜ ਨੂੰ ਬਰਬਾਦ ਕੀਤ ਹਜ਼ਾਰਾਂ ਹਿੰਦੂ ਜਲ ਮਰੇ ਕੁਛ ਕਤਲ ਕੀਤੇ ਗਏ ॥

ਸਫ਼ੇ ੮੪੩ ਅਕਬਰ ਰਾਜਿਆਂ ਨਾਲ ਸਾਕ ਅੰਗ ਬਨਣਾ ਚਾਹੁੰਦਾ ਸੀ ਤੇ ਬੜੀ ਕੋਸ਼ਸ਼ ਕਰਦਾ ਸੀ ਜੈਪੁਰ ਤੇ ਮਾਰਵਾੜ ਦੇ ਖ਼ਾਨਦਾਨ ਦੀਆਂ ਦੋ ਰਾਨੀਆਂ ਅਕਬਰ ਦੇ ਦੋ ਮਹਲ ਸੇ ਤੇ ਜਹਾਂਗੀਰ ਉਸਦੇ ਵਡੇ ਪੁਤ੍ਰ ਦੀ ਸ਼ਾਦੀ ਜੈਪੁਰ ਦੀ ਦੂਸਰੀ ਰਾਨੀ ਨਾਲ ਹੋਈ ਸੀ ਇਹੁ ਭਲਾਈ ਜਾਣਦੇ ਸੇ ਕਿ ਸਾਡੀ ਸ਼ਾਦੀ ਦੂਸਰੇ ਧਰਮ ਵਾਲਿਆਂ ਨਾਲ ਹੋਈ ਹੈ ਸਗੋਂ ਘਿਨਾ ਨਹੀਂ ਸੇ ਕਰਦੇ ਬਾਦਸ਼ਾਹੁ ਦੇ ਜਵਾਈ ਬਨਨ ਦੀ ਇੱਜ਼ਤ ਵੱਡੀ ਜਾਣਦੇ ਸੇ ਏਸੇ ਕਰਕੇ ਬਹੁਤ ਹੀ ਚਾਹੁੰਦੇ ਸੇ ਕਿ ਹਿੰਦੂ ਰਾਜਿਆਂ ਨਾਲ ਸ਼ਕੀਰੀ ਬਨ ਜਾਵੇ ॥

ਸਫ਼ੇ ੮੭੯ ਉਪਰ ਲਿਖੀ ਤਵਾਰੀਖ਼ ਵਿੱਚੋਂ ਨਰਸਿੰਘ ਦੇਵ ਤੇ ਉਸਦੀ ਇਸਤ੍ਰੀ ਪੁਤ੍ਰਾਂ ਨੂੰ ਜਕੜਕੇ ਤੇ ਉਸਦੇ ਘਰ ਬਾਰ ਨੂੰ ਲੁੱਟਨ ਲਈ ਅਕਬਰ ਨੇ ਇਕ ਫ਼ੌਜ ਭੇਜੀ ਤੇ ਅਜੇ-ਹੀਆਂ ਅਜੇਹੀਆਂ ਕਠੋਰਤਾ ਤੇ ਦੁਖ ਦੇਨ ਦੀ ਆਗਿਆ ਕੀਤੀ ਜੋ ਵਰਨੰਨ ਥੀਂ ਬਾਹਰ ਹੈ ॥

ਸਫ਼ੇ ੯੨੬ ਭਾਵੇਂ ਜਹਾਂਗੀਰ ਹੁਣ ਭੀ ਹੰਕਾਰੀ ਤੇ ਡਾਢਾ ਸਿਤਮਗਾਰ ਸੀ ਪਰ ਪਹਿਲੇ ਵੇਲੇ ਤਾਂ ਬੜਾ ਹੀ ਘਮੰਡੀ ਤੇ ਰਬ ਨੂੰ ਨਾਂ ਜਾਨਦਾ ਹੁੰਦਾ ਸੀ ਓਹੋ ਜੇਹਾ ਹੁਣ ਨਹੀਂ ਰਿਹਾ ॥

ਉਪਰ ਲਿਖਤ ਤਵਾਰੀਖ਼ ਸਫ਼ੇ ੭੦੧ ਜਦ ਬਾਬਰ

ਆਗਰੇ ਨੂੰ ਫ਼ਤੇ ਕਰ ਚੁਕਿਆ ਤਾਂ ਪਹਿਲੇ ਉਸਨੇ ਇਹੁ ਕੰਮ ਕੀਤਾ ਜੋ ਜੋ ਕੁਛ ਲੁਟ ਥੀਂ ਲੱਭਾ ਸੋ ਸਭ ਯਾਰਾਂ ਨੂੰ ਵੰਡ ਦਿੱਤਾ ਆਪਣੇ ਪੁਤ੍ਰ ਹਮਾਯੂੰ ਨੂੰ ਅਜੇਹਾ ਹੀਰਾ ਦਿਤੋਸੁ ਜੇਹਾ ਦੁਨੀਆਂ ਵਿੱਚ ਹੋਰ ਕੋਈ ਨਹੀਂ ਹੈ ਤੇ ਇਕ ਇੱਕ ਸ਼ਾਹੁਰੁਖੀ (ਮੁਲ ııı) ਬਤੌਰ ਤੁਹਫ਼ੇ ਦੇ ਕਾਬੁਲ ਦੇ ਛੋਟੇ ਵਡੇ ਮਰਦ ਔਰਤ ਦਾਸਾਂ ਨੂੰ ਭੇਜੀ ਏਸੇ ਕਰਕੇ ਲੋਕ ਉਸ ਨੂੰ ਕਲੰਦਰ ਕਹਿੰਦੇ ਸਨ (ਕਿਉਂ ਨਾਂ ਹੋਵੇ ਜਦ ਮਾਲ ਮੁਖ਼ਤ ਤੇ ਦਿਲ ਬੇਤਰਸ ਹੈ) ਇਉਂ ਤਾਂ ਕਈ ਗਲਾਂ ਹਨ ਪਰ ਹਾਂਡੀ ਵਿਚੋਂ ਇਕ ਦਾਨਾ ਦਾਲ ਹੀ ਦਸ ਦੇਂਦੀ ਹੈ ਸੋ ਇਹੀ ਧਜਾਨ ਕਰ ਲਵੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚ ਮੁੱਚ ਕੌਮ ਨੂੰ ਬੜੇ ਹੀ ਦੁਖੀ ਕਸ਼ਟਾਂ ਵਿਖੇ ਪਏ ਦੇਖਕੇ ਉਨ੍ਹਾਂ ਦੀ ਬਾਂਹ ਪਕੜੀ ਹਿੰਦੁਸਤਾਂਨ ਦੀ ਤਵਾਰੀਖ਼ ਜ਼ਮਾਨਾਂ ਇਸਲਾਮ ਦੀ ਕੋਈ ਭੀ ਪੜ੍ਹੋ ਤਾਂ ਸਫ਼ੇ ਸਫ਼ੇ ਪਰ ਮੁਸਲਮਾਨਾਂ ਦੇ ਉਪਦ੍ਰਵ ਤੇ ਬੇਦਰਦੀਆਂ ਹੀ ਪ੍ਰਗਟ ਹੁੰਦੀਆਂ ਜਾਨਗੀਆਂ ਸਭ ਬਾਦਸ਼ਾਹਾਂ ਨੇ ਆਪਣੇ ਬਲ ਅਨੁਸਾਰ ਹਿੰਦੂਆਂ ਪਰ ਉਪਦਵ ਕੀਤੇ ਗਲ ਕਾਹਦੀ ਇਸਲਾਮ ਦੀ ਬਾਦਸ਼ਾਹੀ ਹਿੰਦੁ-ਸਤਾਂਨ ਨੂੰ ਫ਼ਨਾਹ, ਬਰਬਾਦ ਤੇ ਲਹੂ ਲੁਹਾ ਕਰਨ ਦਾ ਸਮਾ ਸੀ ਹਜ਼ਾਰਾਂ ਹੀ ਪੁਰਖ ਇਸਤ੍ਰੀਆਂ ਚੜਦੇ ਸੂਰਜ ਮਾਰੇ ਜਾਂਦੇ ਲਹੂ ਦੀਆਂ ਨਦੀਆਂ ਵਗਾਈਆਂ ਲੱਖਾਂ ਹੀ ਪੁਰਖ ਇਸਤ੍ਰੀ ਦਾਸੇ ਦਾਸੀ ਬਨਾਏ ਗਏ ਉਨ੍ਹਾਂ ਦੇ ਦੇਸ ਘਰ ਬਾਰ ਖੋਹ ਲਏ ਤੇ ਆਪ ਸਾਂਈ ਬਨ ਬੈਠੇ ਏਥੋਂ ਤਕ ਭੈੜਾ ਸਮਾ ਆ

ਗਿਆ ਸੀ ਕਿ ਹਿੰਦੂ ਕੋਈ ਅੱਛੀ ਚੀਜ਼ ਘਰ ਨਹੀਂ ਰਖ ਸਕਦਾ ਸੀ ਓੜਕ ਦੀ ਗਲ ਤਾਂ ਇਹੁ ਸੀ ਕਿ ਆਪਣੀ ਧੀ ਪੁਤ੍ਰ ਭੀ ਜੋ ਸੁੰਦਰ ਜੰਮਦੇ ਹੁੰਦੇ ਸੋ ਭੀ ਹਾਕਿਮਾਂ ਦੀ ਭੇਟਾ ਕਰਨੇ ਪੈਂਦੇ ਸਨ ਹਿੰਦੂਆਂ ਨੂੰ ਘੋੜੇ ਉਪਰ ਚੜ੍ਹਨ ਦੀ ਆਗਿਆ ਨਹੀਂ ਸੀ ਚਿੱਟੀ ਪਗ ਬੰਨਨੀ ਭੀ ਨਹੀਂ ਮਿਲਦੀ ਸੀ ਕੇਵਲ ਲਾਲ ਰੰਗ ਦੀ ਦਸਤਾਰ ਬੰਨ ਸਕਦੇ ਸੇ ਜੇਕਰ ਕਿਸੇ ਹਿੰਦੂ ਦਾ ਸੋਹਣਾਂ ਮਕਾਨ, ਬਾਗ, ਅਸਬਾਬ ਮਨ ਭਾਉਂਦਾ ਤਾਂ ਜ਼ਬਰਦਸਤੀ ਖੋਹ ਲੈਂਦੇ ਜੇ ਕਿਸੇ ਦੀ ਬਹੂ ਬੇਟੀ ਸੁੰਦਰ ਸੁਣਦੇ ਤਾਂ ਉਸਦੇ ਖੋਹਣ ਲਈ ਫ਼ੌਜ ਲੈਕੇ ਚੜ੍ਹਾਈ ਕਰਦੇ ਤੇ ਬਦੋ ਬਦੀ ਖੋਹ ਕੇ ਵਿਆਹੁ ਕਰਲੈਂਦੇ ਜੇਕਰ ਹਿੰਦੂਆਂ ਦੀ ਕੋਈ ਕਿਤਾਬ ਚੰਗੀ ਸੁਣਦੇ ਅਥਵਾ ਦੇਖਦੇ ਤਾਂ ਉਸਨੂੰ ਸੜਵਾ ਦੇਂਦੇ ਮੰਦਰ ਸ਼ਿਵਾਲੇ ਭੰਨਕੇ ਮਸੀਤਾਂ ਬਨਾ ਦਿਤੀਆਂ ਸਭਨਾਂ ਹਿੰਦੂਆਂ ਨੂੰ ਭਾਵੇਂ ਓਹੁ ਕਸੂਰਵਾਰ ਹੁੰਦੇ ਤੇ ਭਾਵੇਂ ਨਾਂ ਹੁੰਦੇ ਦੋ ਡੰਡ ਹਮੇਸ਼ਾ ਦੇਣਲਈ ਤਯਾਰ ਹੁੰਦੇ ਸੇ ਯਾ ਤਾਂ ਦੀਨ ਇਸਲਾਮ ਅੰਗੀਕਾਰ ਕਰਨ ਯਾ ਕਤਲ ਕਰਨਾ ਹੋਵੇਗਾ ਦੋਹਾਂ ਵਿੱਚੋਂ ਭਾਵੇਂ ਕੋਈ ਪਸੰਦ ਕਰਲਵੇ ਹਾਂ ਇਤਨਾਂ ਵਸੀਕਾਰ ਸੀ ਕਿ ਜੇਕਰ ਕੋਈ ਹਿੰਦੂ ਹਕੀਮ ਬੜਾ ਸਿਆਣਾ ਸੁਣਿਆ ਤਾਂ ਉਸ ਲਈ ਹੁਕਮ ਹੁੰਦਾ ਸੀ ਕਿ ਇਸਨੂੰ ਇਸਲਾਮ ਦੀਨ ਵਿਚ ਸੋਭਾ ਪਾਉਂਦੀ ਹੈ ਕਾਫ਼ਰਾਂ ਦੇ ਯੋਗ ਇਹੁ ਨਹੀਂ ਏਸ ਕਰਕੇ ਇਸਨੂੰ ਇਸਲਾਮ ਦੀਨ ਵਿਚ ਦਾਖਲ ਕੀਤਾ ਜਾਵੇ

ਇੱਕ ਬ੍ਰਹਮਣ ਬੜਾ ਵਿਦਯਾਵਾਨ ਸੀ ਤੇ ਸ਼ਤਰੰਜ ਚੰਗੀ ਖੇਡਦਾ ਇਕਵੇਰੀ ਇਕ ਨੁਵਾਬ ਨੇ ਉਸਨੂੰ ਖ਼ੁਸ਼ੀ ਖ਼ੁਸ਼ੀ ਬੁਲਾਕੇ ਉਸ ਨਾਲ ਸ਼ੱਤਰੰਜ ਖੇਡੀ ਓੜਕ ਨੂੰ ਨੁਵਾਬ ਬਾਜ਼ੀ ਹਾਰੀ ਗਆ ਤੜਕ ਹੁਕਮ ਹੋਯਾ ਕਿ ਇਸਨੂੰ ਮੁਸਲਮਾਨ ਕੀਤਾ ਜਾਵੇ ਕਾਫ਼ਰਾਂ ਵਿੱਚ ਫ਼ਤੇ ਪਾਉਨ ਦੀ ਕੋਈ ਸਾਮਰਥਤਾ ਨਹੀਂ ਹੋਣੀ ਚਾਹੀਦੀ ਪੱਛੋਂ ਵਲ ਘਰਦਾ ਬੂਹਾ ਤੇ ਪਾਖ਼ਾਨੇ ਦਾ ਬੂਹਾ ਰਖਨ ਦਾ ਹੁਕਮ ਨਹੀਂ ਸੀ ਕਿਉਂਕਿ ਘਰ ਦਾ ਬੂਹਾ ਰਖਨ ਕਰਕੇ ਪਿਠ ਹੁੰਦੀ ਹੈ ਤੇ ਦੂਜੀ ਸੂਰਤ ਵਿੱਚ ਮੂੰਹ ਕਰਨੇ ਕਰਕੇ ਕਾਬੇ ਦੀ ਬੇਇਜ਼ਤੀ ਹੁੰਦੀ ਹੈ ਇਕ ਹਿੰਦੂ ਪੈਹਲਵਾਨ ਨੇ ਮੁਸਲ-ਮਾਂਨ ਪੈਹਲਵਾਨ ਨੂੰ ਜਿੱਤ ਲੀਤਾ ਹੁਕਮ ਹੋਆ ਕਿ ਚੱਟ ਪੱਟ ਮੁਸਲਮਾਂਨ ਕੀਤਾ ਜਾਵੇ ਕਸੂਰ ਇਹੁ ਕਿ ਉਸਨੇ ਮੁਸਲਮਾਂਨ ਪੈਹਲਵਾਂਨ ਨੂੰ ਕਿਉਂ ਢਾਹ ਲੀਤਾ ਹੈ ਹਿੰਦੂ ਆਪਣੇ ਮੰਦਰਾਂ ਵਿੱਚ ਘੰਟੇ ਸੰਖ ਆਦਿਕ ਨਹੀਂ ਬਜਾ ਸਕਦੇ ਸੇ ਕੇਵਲ ਹਿਦੂ ਕੌਮ ਵਿਚ ਰੈਹਨ ਕਰਕੇ ਉਨ੍ਹਾਂ ਨੂੰ ਬਾਰਸਕ ਜੇਜ਼ੀਆ ਦੇਣਾਂ ਪੈਂਦਾ ਸੀ ਤੇ ਜੇਹੜੇ ਜੇਜ਼ੀਆ ਨਾਂ ਦੇਂਦੇ ਉਨ੍ਹਾਂ ਨੂੰ ਚੱਟਪੱਟ ਮੁਸਲ-ਮਾਂਨ ਬਨਾਯਾ ਜਾਂਦਾ ਸੀ ਸਹਿਜੇ ਸਹਿਜੇ ਸਭ ਰਾਜੇ ਤਾਬੇ ਹੋ ਚੁਕੇ ਸੇ ਦੇਸ ਦੀਵੇ ਥੀਂ ਹੀਨ ਹੋ ਚੁਕਾ ਸੀ ਰਾਜਪੂਤਾਂ ਦਾ ਇਹੁ ਸਮਾਚਾਰ ਸੀ ਕਿ ਆਪਣੀਆਂ ਪੁਤ੍ਰੀਆਂ ਮੁਸਲਮਾਨਾਂ ਨੂੰ ਦੇਕੇ ਭਲਾ ਮਨਾਉਂਦੇ ਹੁੰਦੇ ਸੇ ਜੇਹੜਾ ਹਿੰਦੂ ਉਨ੍ਹਾਂ ਪਾਸੋਂ ਘ੍ਰਿਣਾਂ ਕਰਦਾ ਉਸਦੇ ਨਾਲ ਹਿੰਦੂ ਰਾਜ ਪੂਤ ਭੀ ਭੈੜਾ ਵਰਤਾਉ

ਕਰਦੇ ਸੇ ਧਾਰਮਕ ਏਕਤਾ ਤਾਂ ਹੈਹੀ ਨਹੀਂ ਸੀ ਉੱਧਰੋਂ ਦੀਨ ਇਸਲਾਮ ਵਾਲੇ ਹਿੰਦੂਆਂ ਨੂੰ ਅੱਗੇ ਹੀ ਭੈੜੇ ਜਾਣਦੇ ਸੇ ਪਰ ਸੋਸ਼ਲ ਬਾਤਾਂ ਵਿਚ ਭੀ ਮੁਸਲਮਾਂਨ ਹਿੰਦੂਆਂ ਪਾਸੋਂ ਬਹੁਤ ਘ੍ਰਿਣਾਂ ਕਰਦੇ ਸੇ ਗਲ ਕਾਹਦੀ ਜੋ ਕੰਮ ਹਿੰਦੂ ਕਰਦੇ ਮੁਸਲ ਮਾਂਨ ਉਸਦੇ ਉਲਟ ਕਰਦੇ ਸੇ ਹਿੰਦੂ ਕੁੜਤੇ ਦਾ ਗਲਵੀਨਾ ਸੱਜੇ ਪਾਸੇ ਵਲ ਕਰਦੇ ਮੁਸਲਮਾਂਨ ਖੱਬੇ ਪਾਸੇ ਵਲ ਰਖਨ ਲਗ ਪਏ ਹਿੰਦੂ ਸੱਜੇ ਪਾਸੇ ਵਲ ਘੁੰਡੀ ਕਰਦੇ ਮੁਸਲਮਾਂਨ ਖੱਬੇ ਵਲ ਕਰ ਬੈਠੇ ਹਿੰਦੂ ਨੀਲਾਰੰਗ ਬੁਰਾ ਜਾਨਦੇ ਮੁਸਲ-ਮਾਂਨਾ ਨੇ ਪਵਿਤ੍ਰ ਜਾਤਾ ਹਿੰਦੂ ਕੇਸਰ ਦੇ ਰੰਗ ਨੂੰ ਚੰਗਾਜਾਨਦੇ ਮੁਸਲਮਾਂਨ ਉਸਥੀਂ ਘ੍ਰਿਣਾ ਕਰਦੇ ਇਨ੍ਹਾਂ ਗਲਾਂ ਦੇ ਕਾਰਨ ਤਿੰਨ ਹੋਰ ਗਲਾਂ ਉਤਪਤ ਹੁੰਦੀਆਂ ਸਨ॥

(੧) ਮੁਸਲਮਾਨਾਂ ਦੇ ਚਿਤ ਕਿਸ ਕਠੋਰਪਥੱਰ ਦੇ ਬਣੇਹੋਏ ਸਨ ਕਿ ਉਨ੍ਹਾਂਨੂੰ ਆਦਮੀਆਂ ਦੇ ਬਚੇ ਕਚੇਤੇ ਇਸਤ੍ਰੀ ਪੁਰਖਾਂ ਦੇ ਮਾਰਨ ਵੇਲੇ ਰੰਚਕ ਮਾਤ੍ਰ ਭੀ ਦਯਾ ਤਰਸ ਨਹੀਂ ਸੀ ਆਉਂਦਾ ਨਾਹੀਂ ਜ਼ਮੀਰਨੇ ਉਨ੍ਹਾਂਨੂੰ ਜਗਾਯਾ ਸਗੋਂ ਓਹੁ ਕਤਲ ਸਮੇ ਤੇ ਲਹੂ ਦੀਆਂ ਨਦੀਆਂ ਵਗਾਕੇ ਬੜੇਹੀ ਖੁਸ਼ ਪ੍ਰਸੰਨ ਹੋਯਾ ਕਰਦੇ ਤੇ ਖ਼ੁਦਾਦੇ ਧੰਨਵਾਦ ਕਰਦੇ ਹੁੰਦੇ ਸੇ ਤੇ ਇਸਨੂੰ ਬੜਾ ਉਤਮ ਕਾਰਜ ਜਾਣਦੇ ਹੁੰਦੇ॥

(੨) ਮੁਸਲਮਾਨਾਂ ਦੀ ਧਾਰਮਿਕ ਵਿਦ੍ਯਾ ਦੇ ਅਸਰ ਦਾ ਅੰਦਾਜ਼ਾ ਕਰਨਾ ਲੋੜੀਏ ਕਿ ਓਹੁ ਵਿਦ੍ਯਾ ਅਜੇਹੇ ਜ਼ੁਲਮ

ਤੇ ਬੇਤਰਸ ਕੰਮਾਂ ਲਈ ਉਨ੍ਹਾਂ ਨੂੰ ਕਿਸ ਤਰਹ ਨਾਲ ਉਦਮ ਦੇ ਰਹੀ ਹੈ ਦਯਾ ਤੇ ਭਲਿਆਈ ਤਾਂ ਉਨ੍ਹਾਂ ਦੇ ਚਿੱਤਾਂ ਥੀ ਦੂਰ ਹੀ ਕਰ ਦੇਂਦੀਹੈ ਤੇ ਕਠੋਰ ਚਿਤ ਬ੍ਰਿਤੀ ਕਿਸਤਰਾਂ ਨਾਲ ਉਤਪਤਹੋਈ ਹੁੰਦੀ ਹੈ ਹੋਰ ਹਨੇਰਦੀ ਗਲ ਤਾਂਇਹੁ ਹੈ ਜੇਹੜਾ ਹਿੰਦੂ ਅਜ ਬਦੋਬਦੀ ਮੁਸਲਮਾਨ ਕੀਤਾ ਗਿਆ ਓਹੀ ਹਿੰਦੂ ਮੁਸਲਮਾਨੀਧਰਮਨੂੰ ਗ੍ਰੈਹਨ ਕਰਦੇ ਸਾਰਹੀ ਉਨ੍ਹਾਂਵਰਗਾਹੀ ਕਠੋਰ ਤੇ ਪਾਪੀ ਜ਼ੁਲਮ ਕਰਨ ਵਾਲਾ ਬਨ ਬੈਠਦਾ ਹੈ ਤੇ ਆਪਣੇ ਭਰਾਵਾਂ ਦੇਸੀ ਮਿਤ੍ਰਾਂ ਦੇ ਲਹੂ ਦਾ ਤਿਹਾਯਾ ਬਨ ਜਾਂਦਾ ਹੈਹਿੰਦੂ ਧਰਮ ਵਿੱਚ ਆਉਨ ਦਾ ਤਾਂ ਧਿਆਨਹੀ ਨਹੀਂ ਰਹਿੰਦਾ ਭਲਾ ਜੀ ਹਿੰਦੂ ਬਨਕੇ ਕੀਹ ਲੈਣਾ ਹੈ ਓਹੀ ਵਿਰੋਧਤਾ ਤੇ ਅਸਮਰਥ ਹੈ ਤੇ ਓਹੀ ਜੁੱਤੀ ਸਿਰ ਉੱਤੇ ਹੈ ਚੰਗੇ ਗਏ ਕਿ ਆਪਣੇ ਭਰਾਵਾਂਦੇ ਭੀ ਲਹੂਦੇ ਤਿਹਾਏ ਬਨ ਗਏ ਸਗੋਂ ਜੇਹੜੇ ਬ੍ਰਾਹਮਣ ਮੁਸਲਮਾਂਨ ਬਣਦੇ ਸੇ ਮੁਸਲਮਾਂਨ ਉਸਨੂੰ ਸੱਯਦ ਦੀ ਪਦਵੀਦਾਂਨ ਦੇਂਦੇ ਸੇ ਤੇ ਇਹੀ ਕਾਰਨ ਹੈ ਕਿ ਮੁਸਲਮਾਨਾਂ ਦੀ ਕੌਮਾਂ ਵਿਚੋਂ ਹਿੰਦੁਸਤਾਂਨ ਵਿਖੇ ਸੱਯਦਾਂਦੀ ਬੇਓੜਕ ਕੌਮ ਹੈ ਕਿਉਂਕਿ ਬ੍ਰਾਹਮਣਾਂ ਨੂੰ ਓਧਰ ਭੀ ਵਡਿਆਈ ਮਿਲ ਜਾਂਦੀ ਸੀ ਇਸ ਵਾਸਤੇ ਓਹੁ ਬ੍ਰਾਹਮਣ ਭੀ ਜ਼ਾਲਮ ਹਾਕਮਾਂ ਨੂੰ ਪਸੰਦ ਕਰਦੇ ਸੇ ਖਤ੍ਰੀਆਂ ਨੂੰ ਮੁਗਲ ਬਨਾਯਾ ਜਾਂਦਾ ਸੀ ਇਸ ਕਰਕੇ ਓਹ ਭੀ ਹਕੂਮਤ ਵਿੱਚ ਮਿਲਕੇ ਆਪਣੇ ਦੇਸ ਦੀ ਸਹਾਇਤਾ ਨੂੰ ਛੱਡਕੇ ਤਲਵਾਰ ਦੇ ਬਲ ਨਾਲ ਆਪਣੇ

ਭਰਾਵਾਂ ਨੂੰ ਮੁਸਲਮਾਨ ਬਨਾਉਂਦੇ ਯਾ ਕਤਲ ਕਰਾ ਦੇਂਦੇ ਸੇ ॥
(੩) ਹਿੰਦੂਆਂ ਦੀ ਬੇਹਿੰਮਤੀ, ਬੇਪਤੀ, ਸੁਾਰਯਤਾ ਤੇ ਅਵੀਚਾਰਤਾ ਦਾ ਇਹੀ ਅੰਦਾਜ਼ਾ ਹੁੰਦਾਹੈ ਕਿ ਵਾਰੰਬਾਰ ਦੇਖਦੇ ਜਾਂਦੇ ਸੇ ਕਿ ਇੱਕ ਇੱਕ ਕਰਕੇ ਸਭ ਨਾਸ ਹੁੰਦੇ ਜਾਂਦੇ ਹਨ ਲਖਾਂ ਕਤਲ ਕੀਤੇ ਜਾ ਰਹੇ ਹਨ ਤੇ ਦਾਸ ਦਾਸੀਆਂ ਬਨਾਏ ਜਾਂਦੇ ਹਨ ਮੰਦਰ, ਮੂਰਤੀਆਂ ਤੋੜੀਆਂ ਜਾਂਦੀਆਂ ਹਨ ਫੇਰ ਭੀ ਇਕ ਦੂਸਰੇ ਦਾ ਤਮਾਸ਼ਾ ਹੀ ਦੇਖਨ ਵਿਖੇ ਲਗੇ ਹੋਏ ਹਨ ਕਿਸੇ ਨੂੰ ਧਿਆਂਨ ਨਹੀਂ ਸੀ ਆਉਂਦਾ ਕਿ ਜ਼ਰਾਕੁ ਮਿਲਕੇ ਵੈਰੀ ਦਾ ਸਾਹਮਣਾ ਤਾਂ ਕਰੀਏ ਇੱਕਤ੍ਰ ਹੋਕੇ ਵੈਰੀ ਨੂੰ ਪਿੱਛੇ ਹਟਾਈਏ ਗਲ ਕਾਹਦੀ ਸਭ ਆਪੋ ਧਾਪੀ ਵਿੱਚ ਹੀ ਮਸਤ ਰਹੇ ਤੇ ਓੜਕ ਸਾਰੇ ਹੀ ਮਾਰੇ ਗਏ ਤੇ ਹੁਣ ਓਹੁ ਸਮਾਂ ਆਗਿਆ ਸੀ ਕਿ ਹਿੰਦੂਆਂ ਨੂੰ ਆਪਣੀ ਇਜ਼ਤ ਪਤ ਦੇ ਬਚਾਉਨ ਲਈ ਕੋਈ ਅਵਲੰਭ ਨਹੀਂ ਸੀ ਵਿਖਾਈ ਦੇਂਦਾ ਪਰ ਇੱਕ ਪਰਮੇਸ੍ਵਰ ਹੀ ਸੀ ਕਿਉਂਕਿ ਕੋਈ ਚੀਜ਼ ਉਨ੍ਹਾਂ ਪਾਸ ਅਜੇਹੀ ਬਾਕੀ ਨਹੀਂ ਸੀ ਕਿ ਜਿਸ ਕਰਕੇ ਉਨ੍ਹਾਂ ਨੂੰ ਅਮਨ ਪ੍ਰਾਪਤ ਹੁੰਦਾ ਹੁਣ ਤਾਂ ਨਾਹੀ ਆਪਣਾਂ ਧਰਮ ਦ੍ਰਿਸ਼ਟੀ ਆਉਂਦਾ ਸੀ ਨਾਹੀਂ ਧਰਤੀ ਵੇਹਲ ਦੇਂਦੀ ਬੜੇ ਕਮਜ਼ੋਰ, ਬਲਹੀਨ ਸੇ ਕੋਈ ਬਲ ਸਾਮਰਥਤਾ ਸਰੀਰ ਵਿਖੇ ਬਾਕੀ ਨਹੀਂ ਸੀ ਪਰ ਕਿਧਰੇ ਕਿਧਰੇ ਰਾਜਪੂਤਾਂ ਦੀ ਹਕੂਮਤ ਸੀ ਸੋ ਭੀ ਪਹਾੜਾਂ ਦੀਆਂ ਖੰਡਰਾਂ ਵਿੱਚ ਬਾਕੀ ਸੀ ਸੋ ਉਨ੍ਹਾਂ ਲਈ ਭੀ ਮੁਸਲਮਾਨਾਂ

ਦੀ ਟਿੱਡੀ ਦਲ ਫ਼ੌਜ ਹਰ ਸਮੇਂ ਮਾਰਨ ਕੁੱਟਨ ਲਈ ਤਿਆਰ ਸੀ ਹਿੰਦੂ ਧਰਮ ਦਾ ਬੇੜਾ ਬਿਲਕੁਲ ਡੁਬਨ ਲਈ ਤਿਆਰ ਗੋਤੇ ਖਾ ਰਿਹਾ ਸੀ ਵੈਦਕ ਧਰਮ ਦੇ ਸੇਵਕ ਧਰਤੀ ਥੀਂ ਸਦਾ ਦੇ ਲਈ ਲੋਪ ਹੋ ਜਾਣ ਤਾਂ ਇਸ ਭੈੜੇ ਸਮੇ ਵਿਖੇ ਜਿਸ ਵੇਲੇ ਕਿ ਸਹਾਰੇ ਦੀ ਕੋਈ ਆਸ ਨਾਂ ਸੀ ਬਾਬਰ ਬਾਦਸ਼ਾਹ ਦੇ ਵੇਲੇ ਇੱਕ ਅਜੇਹਾ ਮਲਾਹ ਬੇੜੇ ਨੂੰ ਚਲਾਉਨ ਵਾਲਾ ਈਸ਼੍ਵਰ ਦੀ ਕ੍ਰਿਪਾ ਕਰਕੇ ਉਤਪਤ ਹੋਯਾ ਜੋ ਉਸਨੇ ਵੈਦਕ ਧਰਮ ਦੀ ਬੇੜੀ ਤੇ ਹਿੰਦੂਆਂ ਦੀ ਜਾਂਨ ਨੂੰ ਅਜੇਹਾ ਸਹਾਰਾ ਦਿੱਤਾ ਕਿ ਓੜਕ ਓਨ੍ਹਾਂ ਦੇ ਜਾ ਨਸ਼ੀਨ ਸਾਮਰਥ ਪੁਰਖ ਨੇ ਲੋਕਾਂ ਨੂੰ ਰੋੜ੍ਹ ਦੇ ਵਿਚੋਂ ਗ਼ਰਕ ਹੁੰਦਿਆਂ ਨੂੰ ਬਚਾਹੀ ਲੀਤਾ ਇਹੁ ਮਲਾਹੁ ਕੌਣ ਸੀ ? ਸ੍ਰੀ ਗੁਰੂ ਨਾਨਕ ਦੇਵ ਜੀ ਸੇ ਜਿਨ੍ਹਾਂਨੇ ਹਿੰਦੂਆਂ ਦੀਆਂ ਓਨ੍ਹਾਂ ਸਖ਼ਤੀਆਂ ਨੂੰ ਜੇਹੜੀਆਂ ਧਾਰਮਕ ਖਿਆਲਾਂ ਕਰਕੇ ਵਿਰੋਧਤਾ ਉਤਪਤ ਕਰ ਰਹੀਆਂ ਸਨ ਕੁਛ ਕੁਛ ਬਦਲਨੇ ਲਈ ਉਦਮ ਕੀਤਾ ਏਸੇ ਕਰਕੇ ਉਨ੍ਹਾਂਨੇ ਸੋਚਿਆ ਕਿ ਪਹਿਲੇ ਸੁਲਾਹ ਕੁਲ ਉਪਦੇਸ਼ ਹੋਵੇ ਕਿ ਜਿਸ ਕਰਕੇ ਹਿੰਦੂ ਮੁਸਲ-ਮਾਨਾਂ ਦੇ ਘ੍ਰਿਣ ਦਾ ਪਰਦਾ ਉਠ ਜਾਵੇ ਤੇ ਜਿਨ੍ਹਾਂ ਗਾਲਾਂ ਕਰਕੇ. ਮੁਸਲਮਾਂਨ ਹਿੰਦੂਆਂ ਥੀਂ ਬਹੁਤ ਘ੍ਰਿਣਾ ਕਰਦੇ ਹਨ ਤੇ ਇਨਾਂਨੂੰ ਕਾਫ਼ਰ ਜਾਣਦੇ ਹਨ ਤੇ ਇਸੇ ਹੀ ਬਹਾਨੇ ਦੇ ਕਰਕੇ ਹਿੰਦੂਆਂ ਉੱਪਰ ਉਪਦ੍ਰਵ ਕਰਦੇ ਹਨ ਪਹਿਲੇ ਓਹੀ ਗਲਾਂ ਹਿੰਦੂਆਂ ਵਿੱਚੋਂ ਦੂਰ ਕਰਨੀਆਂ ਲੋੜੀਏ ਹਾਲਾਂਕਿ ਓਹ

ਸਾਮਾਂਨ ਮੂਰਤੀ ਪੂਜਾ ਆਦਿਕ ਦਾ ਹਿੰਦੂਆਂ ਨੇ ਦੂਸਰੀਆਂ ਕੌਮਾਂ ਥੀਂ ਸਿਖਯਾ ਹੋਯਾ ਸੀ ਤੇ ਦੂਸਰੀਆਂ ਕੌਮਾਂ ਦੇ ਪਹਿਰਾਵੇ ਦੇ ਪੈਹਨਣੇ ਕਰਕੇ ਦੁਖ ਕਸ਼ਟ ਸਹਾਰਦੇ ਸੇ ਪਰ ਉਨਾਂ ਰਸਮਾਂ ਨੂੰ ਛਡਦੇ ਨਹੀਂ ਸੇ ਇਸ ਵਾਸਤੇ ਸ੍ਰੀ ਗੁਰੂ ਜੀ ਨੇ ਪ੍ਰੇਮਾ ਭਗਤੀ ਦੇ ਤਰੀਕੇ ਨੂੰ ਹਿੰਦੂਆਂ ਦੇ ਦਿਲਾਂ ਵਿੱਚ ਭਰਿਆ ਤਾਕਿ ਓਹੁ ਮੂਰਤੀ ਪੂਜਾ ਨੂੰ ਤਿਆਗ ਦੇਣ ਸ੍ਰੀ ਗੁਰੂ ਨਾਨਕ ਦੇਵ ਜੀ ਬੜੇ ਹੀ ਸਮਝ ਵਾਲੇ ਤੇ ਵਿਦਯਵਾਨ ਪੁਰਖ ਸੇ ਅਤੇ ਹਿੰਦੂਆਂ ਦੀ ਅੰਦਰਲੀ ਹਾਲਤ ਥੀਂ ਬਹੁਤ ਵਾਕਫ਼ ਸਨ ਮੁਸਲਮਾਂਨਾ ਦੇ ਜ਼ੁਲਮ ਉਨ੍ਹਾਂ ਦਿਆਂ ਨੇਤ੍ਰਾਂ ਦੇ ਸਾਹਮਣੇ ਸੇ ਇਸ ਵਾਸਤੇ ਤਿਨਾਂ ਨੇ ਹਿੰਦੂਆਂ ਦੇ ਰੋਗ ਨੂੰ ਦੂਰ ਕਰਨ ਵਾਸਤੇ ਚੰਗੇ ਚੰਗੇ ਉਪਚਾਰ ਲੱਭੇ ਤੇ ਓਹੁ ਨੁਸਖ਼ਾ ਅਜੇਹਾ ਚੰਗਾ ਸੀ ਕਿ ਉਨ੍ਹਾਂ ਸਭਨਾਂ ਰੋਗਾਂ ਨੂੰ ਦੂਰ ਕਰ ਸਕਦਾ ਸੀ ਹਿੰਦੂ ਬੀਮਾਰ ਰੋਗੀ ਇਸ ਕਰਕੇ ਗਿਣੇ ਜਾਂਦੇ ਸੇ ਕਿ ਮੁਸਲਮਾਂਨ ਤਾਂ ਮੂਰਤਾਂ ਨੂੰ ਤੋੜਦੇ ਤੇ ਮੂਰਤੀ ਪੂਜਕਾਂ ਨੂੰ ਕਾਫ਼ਰ ਜਾਣਦੇ ਤੇ ਇਨਾਂ ਨੂੰ ਕਤਲ ਕਰਨਾਂ ਆਪਣਾਂ ਇੱਕ ਧਾਰਮਕ ਪਵਿੱਤ੍ਰ ਕਾਰਜ ਜਾਣਦੇ ਸੇ ਏਸੇ ਹੁਜਤ ਨੂੰ ਲੈ ਕਰਕੇ ਹਿੰਦੂਆਂ ਦੇ ਮੰਦਰ ਢਾਹੁ ਦੇਂਦੇ ਤੇ ਉਨਾਂ ਨੂੰ ਬਦੋਬਦੀ ਮੁਸਲਮਾਂਨ ਕਰਦੇ ਸੇ ਮੁਸਲਮਾਂਨ ਸ਼ਰੀਕੇ ਦੇ ਵੈਰੀ ਸੇ ਏਸ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਨੂੰ ਉਪਦੇਸ਼ ਕੀਤਾ ਕਿ ਬਿਨਾ ਈਸ਼੍ਵਰ ਦੇ ਕਿਸੇ ਹੋਰਸ ਦੀ ਪੂਜਾ ਚੰਗੀ ਨਹੀਂ ਅਤੇ ਮੂਰਤੀ ਪੂਜਾ ਈਸ਼੍ਵਰ

ਦੀ ਆਗਿਆ ਦੇ ਵਿਰੁਧ ਹੈ ਈਸ਼੍ਵਰ ਦਾ ਸ਼ਰੀਕ ਕੋਈ ਨਹੀਂ ਓਹ ਅਕਾਲ ਪੁਰਖ ਹੈ ਅਤੇ ਉਸਦੀ ਕੋਈ ਮੂਰਤੀ ਨਹੀਂ ਹਿੰਦੂਆਂ ਨੂੰ ਸਮਝਾਯਾ ਕਿ ਉਨਾਂ ਦੇ ਵਡੇ ਭੀ ਈਸ਼੍ਵਰ ਨੂੰ ਹੀ ਇਕ ਪ੍ਰਮੇਸ਼੍ਵਰ ਤੇ ਬਿਨਾਂ ਸ਼ਰੀਕ ਦੇ ਜਾਨਨਾਂ ਚਾਹੀਏ ਤੇ ਮੂਰਤੀ ਪੂਜਾ ਥੀਂ ਘ੍ਰਿਣਾ ਕਰਦੇ ਸੇ ਏਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਸ਼ਿਰਕਤ ਨੂੰ ਦੂਰ ਕਰਕੇ ਇਕ ਪ੍ਰਮਾਤਮਾਂ ਦੀ ਭਗਤੀ ਦੀ ਲੜੀ ਪਰਪਕ ਕੀਤੀ ਅਤੇ ਏਸੇ ਢੰਗ ਪਰ ਨਰਮੀ ਤੇ ਧੀਰਜ ਨਾਲ ਹਿੰਦੂਆਂ ਨੂੰ ਲਿਆਂਦਾ ਤੇ ਅਜੇਹੇ ਕੰਮ ਨੂੰ ਅਜੇਹੇ ਤ੍ਰੀਕੇ ਨਾਲ ਨਿਭਾਯਾ ਮਾਨੋਂ ਉਸਦਾ ਇਹੁ ਸ੍ਵਾਰਥ ਦਾ ਹੀ ਕੰਮ ਸੀ ਤੇ ਏਹੀ ਕਾਰਨ ਸੀ ਕਿ ਮੁਸਲਮਾਂਨ ਅਜੇਹੇ ਦਲੇਰ ਪੁਰਖ ਦੇ ਵਿਰੁਧ ਨਾਂ ਹੋਏ ਭਾਵੇਂ ਇਹ ਗੁਰੂ ਹਿੰਦੂਆਂ ਨੂੰ ਮੁਸਲਮਾਨਾਂ ਦੇ ਟਾਕਰੇ ਲਈ ਤਿਆਰ ਕਰ ਰਹੇ ਸਨ ਇਹੁ ਬਾਤ ਮੁਸਲਮਾਨਾਂ ਨੂੰ ਮਲੂਮ ਹੀ ਨਾਂ ਹੋਈ ਕਿ ਇਹੁ ਗੁਰੂ ਜੀ ਹਿੰਦੂਆਂ ਦੀ ਤ੍ਰਫ਼ਦਾਰੀ ਕਰ ਰਹੇ ਹਨ ਗੁਰੂ ਨਾਨਕ ਦੇਵ ਜੀ ਨੇ ਔਤਾਰਾਂ, ਤੀਰਥਾਂ, ਫ਼ਕੀਰਾਂ ਦੀ ਤਰਦੀਦ ਵਿੱਚ ਜੋ ਮੂਰਤੀ ਪੂਜਾ ਦੇ ਬੜੇ ਕਾਰਨ ਸਨ ਨਰਮੀ ਨਾਲ ਉਸ ਵੱਲੋਂ ਹਟਾਯਾ ਗੁਰੂ ਡੁੱਭਦੇ ਮਸਲੇ ਦੀ ਭੀ ਖ਼ੂਬ ਖ਼ਬਰ ਲੀਤੀ ਤੇ ਅਜੇਹੀ ਸੁਲ੍ਹਾ ਕੁਲ ਹਿਕਮਤ ਅਮਲੀ ਦਾ ਵਰਤਾਉ ਰਖਿਆ ਕਿ ਨਾਹੀਂ ਮੁਸਲਮਾਨਾਂ ਨੂੰ ਇਸ ਬਾਤ ਦਾ ਪਤਾ ਲੱਗਾ ਤੇ ਨਾਹੀਂ ਓਹੁ ਭੜਕ ਕੇ ਉਠੇ ਤੇ ਨਾਂ ਹਿੰਦੂ ਹੀ ਆਪਣੇ

ਉਦੇਸ਼ ਦੇ ਉਲਟ ਗੁਰੂ ਜੀ ਦਾ ਉਪਦੇਸ਼ ਸੁਣਕੇ ਬੋਲ ਉਠੇ ਸਗੋਂ ਚੁਪ ਚੁਪਾਤੇ ਹੀ ਗੁਰਾਂ ਦੇ ਵਾਕਾਂ ਨੂੰ ਸ੍ਰੀਕਾਰ ਕਰਦੇ ਗਏ ਉਸਦਾ ਕਾਰਨ ਇਹ ਸੀ ਕਿ ਗੁਰੂ ਜੀ ਦੇ ਵਾਕ ਭਗਤੀ ਨਾਲ ਮਿਲੇ ਹੋਏ ਸੇ ਤੇ ਬਦਗੁਮਾਨੀ ਦਾ ਖ਼ਿਆਲ ਛੇਤੀ ਹੀ ਨਹੀਂ ਸੀ ਨਿਕਲ ਸਕਦਾ॥

ਭਾਵੇਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿੱਚ ਉਨ੍ਹਾਂ ਦੀ ਸਿੱਖੀ ਦੀ ਗਿਣਤੀ ਬੋਹਤ ਨਹੀਂ ਸੀ ਪਰੰਤੂ ਵਿਦਯਾ ਦਾ ਬੀਜ ਬੀਜਿਆ ਗਿਆ ਸੀ ਤੇ ਫਲ ਲਗਨ ਲਈ ਤਿਆਰ ਸੀ ਸਚਮੁੱਚ ਅਸਚਰਜ ਦੀ ਗਲ ਇਹੁ ਹੈ ਕਿ ਬ੍ਰਾਹਮਣਾਂ ਨੇ ਆਪਣੀ ਪੁਰਾਨੀ ਵਾਦੀ ਦੇ ਅਨੁਸਾਰ ਨਾਂ ਤਾਂ ਗੁਰੂ ਨਾਨਕ ਦੇਵ ਜੀ ਦੇ ਨਾਲ ਵਿਰੋਧ ਤਾਈ ਕੀਤੀ ਤੇ ਨਾਹੀਂ ਉਨ੍ਹਾਂ ਦੇ ਉਲਟ ਮੂਰਤੀ ਪੂਜਾ, ਸ਼ਰਾਧ ਤੇ ਉਤਾਰਾਂ ਦੀ ਹਿਫ਼ਾਜ਼ਤ ਕਰਨੇ ਦੀ ਕੋਸ਼ਸ਼ ਕੀਤੀ ਤੇ ਨਾਹੀਂ ਰੌਲਾ ਮਚਾਯਾ ਜੇਕਰ ਕਿਧਰੇ ਵਿਰੁਧ ਹੋਕੇ ਹਥ ਪੈਰ ਮਾਰੇ ਭੀ ਤਾਂ ਓਹੁ ਬੜੇ ਹੀ ਦੁਰਬਲ ਜਿਹੜੇ ਕੁਛ ਮਲੂਮ ਹੀ ਨਹੀਂ ਸੇ ਹੁੰਦੇ ਪ੍ਰੰਤੂ ਉਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਸਿਖ੍ਯਾ ਭੀ ਨਹੀਂ ਲੀਤੀ ਕਿਉਂਕਿ ਗੁਰੂ ਨਾਨਕ ਦੇਵ ਜੀ ਖਤ੍ਰੀ ਸੇ ਇਸ ਵਾਸਤੇ ਉਨ੍ਹਾਂ ਦੇ ਮਗਰ ਬ੍ਰਾਹਮਣਾ ਦਾ ਚਲਣਾਂ ਭੀ ਬਿਲਕੁਲ ਕਠਿਨ ਸੀ ਨਹੀਂ ਤਾਂ ਗੁਰੂ ਨਾਨਕ ਦੇਵ ਜੀ ਨੇ ਜੋ ਕੰਮ ਆਪਣੇ ਸਮੇਂ ਵਿਖੇ ਕੀਤਾ ਓਹੁ ਸ਼੍ਰੰਕਰਾਚਾਰਜ ਨਾਲੋਂ ਕਿਸੇ ਪ੍ਰਕਾਰ ਕਰਕੇ ਭੀ ਘਟ ਨਹੀਂ

ਸੀ ਜੇਕਰ ਮੰਨਿਆ ਜਾਵੇ ਕਿ ਗੁਰੂ ਨਾਨਕ ਦੇਵ ਜੀ ਸ਼ੰਕਰਾ-ਚਾਰਜ ਵਰਗੇ ਪੰਡਤ ਨਹੀਂ ਸਨ ਪਰ ਜੋ ਕੰਮ ਗੁਰੂ ਜੀ ਨੇ ਕੀਤਾ ਹੈ ਓਹੁ ਸ਼ੰਕਰਾਚਾਰਜ ਦੇ ਸਾਹਮਣੇ ਬੌਹਤ ਵੱਡਾ ਤੇ ਭਾਰਾ ਨਹੀਂ ਹੈ ਪ੍ਰੰਤੂ ਕਈ ਗਲਾਂ ਕਰਕੇ ਬੌਹਤ ਹੀ ਭਾਰਾ ਤੇ ਵਜ਼ਨਦਾਰ ਸ਼ੰਕਰਾਚਾਰਜ ਨਾਲੋਂ ਸੀ ਸ਼ੰਕਰਾਚਾਰਜ ਨਾਲ ਤਾਂ ਬਚੇ ਖੁਚੇ ਖਤ੍ਰੀ ਸਨ ਤੇ ਬ੍ਰਾਹਮਨਾਂ ਦਾ ਦਲ ਭੀ ਨਾਲ ਸੀ ਪਰ ਗੁਰੂ ਨਾਨਕ ਦੇਵ ਜੀ ਜੋ ਕਿ ਬ੍ਰਾਹਮਣਾਂ ਦੇ ਕਥਨ ਥੀਂ ਵਿਰੁਧ ਸਗੋਂ ਬ੍ਰਾਹਮਣਾਂ ਦੇ ਉਪਦੇਸ਼ ਹਿੰਦੂ ਧਰਮ ਲਈ ਇਕ ਰੋਗ ਅਸਾਧ ਜਾਣ ਕਰਕੇ ਉਸਨੂੰ ਮਿਟਾਯਾ ਚਾਹੁੰਦੇ ਸੇ ਏਸ ਕਰਕੇ ਬ੍ਰਾਹਮਣਾਂ ਦੀ ਸਹਾਯਤਾ ਦੀ ਆਸ ਤਿਨਾਂ ਨੂੰ ਬਿਲਕੁਲ ਨਹੀਂ ਸੀ ਪਰ ਲੋੜ ਸਮੇਂ ਦੀ ਅਜੇਹੀ ਹੋ ਰਹੀ ਸੀ ਤੇ ਸਮਾਚਾਰ ਅਜੇਹੇ ਹੋ ਰਹੇ ਸੇ ਕਿ ਬ੍ਰਾਹਮਣ ਆਪ ਭੀ ਇਸ ਗਲ ਦੇ ਯੋਗ ਨਹੀਂ ਸੇ ਕਿ ਆਪਣਾ ਹੀ ਬਚਾਉ ਕਿਸੇ ਢੰਗ ਨਾਲ ਕਰ ਸਕਨ ਏਸ ਕਰਕੇ ਇਸੇ ਤਰਾਂ ਹੀ ਓਹੁ ਆਪਣੀ ਭਲਿਆਈ ਜਾਣਦੇ ਰਹੇ ਤੇ ਚੁਪ ਚਾਪ ਆਪਣਾ ਕੰਮ ਰੇੜ੍ਹੀ ਗਏ ਕਿ ਗੁਰੂ ਨਾਨਕ ਦੇਵ ਜੀ ਦੇ ਵਸੀਲੇ ਨਾਲ ਹਿੰਦੂ ਬਚ ਰਹਿਨਗੇ ਏਹੋ ਅੱਛਾ ਹੈ॥ ਸਮਾ ਪਾਕੇ ਓਹੁ ਆਪਣੇ ਮਸਲਿਆਂ ਨੂੰ ਫੇਰ ਵਧਾ ਲੈਣਗੇ ਇਹੁ ਵਿਚਾਰਕੇ ਚੁਪ ਕਰ ਰਹੇ ਨਹੀਂ ਤਾਂ ਇਹੁ ਬਾਤ ਅਸ਼ੰਭਵ ਸੀ ਕਿ ਬ੍ਰਾਹਮਣ ਆਪਣੇ ਬਲ ਨੂੰ ਤਿਆਗਕੇ ਚੁਪ ਚਾਪ ਕਤਕੇ ਝਟ ਕਢਦੇ॥

ਇਸਥੀਂ ਵਧਕੇ ਇਕ ਹੋਰ ਵਡਾ ਰੋਗ ਹਿੰਦੂ ਸਰੀਰ ਵਿੱਚ ਇਹੁ ਸੀ ਕਿ ਓਹੁ ਕੇਵਲ ਛੂਤ ਛਾਤ ਨਾਲ ਹੀ ਆਪਣਾਂ ਹਿੰਦੂ ਧਰਮ ਗਵਾ ਬੈਠਦੇ ਸੇ ਗੁਰੂ ਨਾਨਕ ਦੇਵ ਜੀ ਨੇ ਬੜੀ ਚੰਗੀ ਤਰਾਂ ਸਫ਼ਾਈ ਨਾਲ ਕੰਮ ਕੀਤਾ ਅਤੇ ਛੂਤਛਾਤ ਦੀਆਂ ਵਿਚਾਰਾਂ ਨੂੰ ਧਰਮ ਥੀਂ ਵਖਰਾ ਕਰਕੇ ਦਿਖਾਯਾ ਤੇ ਤੀਰਥਾਂ ਦੇ ਅਸ਼ਨਾਨ ਆਦਿਕ ਕੇਵਲ ਸ਼ਰੀਰਕ ਧਰਮ ਸਫ਼ਾਈ ਦਾ ਕਾਰਨ ਦੱਸਕੇ ਭਰਮਾਂ ਥੀਂ ਬਚਾਯਾ॥

ਗਲਕਾਹਦੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਉਦੇਸ਼ ਵਿਖੇ ਕੁਛਕ ਲਾਭਦਾਯਕ ਹੋਏ ਭਾਵੇਂ ਓਤਨੇ ਨਹੀਂ ਫਲਦਾਇਕ ਹੋਏ ਸਨ ਕਿ ਜਿਤਨੀਕੁ ਲੋੜ ਸੀ ਪਰ ਉਨ੍ਹਾਂ ਦੀ ਸੁਲਾ ਕੁਲ ਹਿਕਮਤ ਅਮਲੀ ਕੰਮ ਕਰ ਗਈ ਤੇ ਹਿੰਦੂਆਂ ਨੂੰ ਆਪਣੇ ਧਰਮ ਪਰ ਅਟਕ ਰਹਿਣੇ ਲਈ ਨਵੇਂ ਸਾਮਾਂਨ ਮਿਲ ਗਏ ਸ੍ਰੀ ਗੁਰੂ ਜੀ ਦੀ ਹਿਕਮਤ ਅਮਲੀ ਦਾ ਹੀ ਕਾਰਨ ਸੀ ਕਿ ਹਿੰਦੂ ਮੁਸਲਮਾਂਨ ਦੋਵੇਂ ਹੀ ਗੁਰੂ ਜੀ ਦੀ ਵਡਿਆਈ ਕਰਦੇ ਸੇ ॥

ਦੂਜੇ ਪਾਸੇ ਬੰਗਾਲ ਵਿਖੇ ਚੇਤਨ ਨੇ ਭੀ ਆਪਣਾ ਸਮਾ ਪਾਕੇ ਕ੍ਰਿਸ਼ਨ ਭਗਤੀ ਦੇ ਆਸਰੇ ਨਵੇਂ ਖ਼ਿਆਲਾਤ ਫੈਲਾਏ ਤਾਂ ਹਿੰਦੂ ਧਰਮ ਡੁੱਬਦੇ ਨੂੰ ਕੱਖਦਾ ਹੀ ਆਸਰਾ ਮਿਲਿਆ ਇਧਰ ਗੁਰੂ ਜੀਨੇ ਅਜੇਹੀ ਖੁਲ੍ਹੀ ਗਲ ਕੀਤੀ ਕਿ ਇਕ ਜਨਮ ਦੇ ਮੁਸਲਮਾਂਨ ਪੁਰਖ ਨੂੰ ਆਪਣਾਂ ਸਿਖ ਬਨਾਲੀਤਾ ਸ੍ਰੀ

ਗੁਰੂ ਨਾਨਕ ਜੀ ਥੀਂ ਪਹਿਲੇ ਭੀ ਕਬੀਰ ਆਦਿਕ ਭਗਤਾਂ ਨੇ ਵੈਰ ਵਿਰੋਧ ਦੇ ਗਵਾਵਨ ਲਈ ਉਦਮ ਕੀਤਾ ਸੀ ਪਰ ਸੈਹਜੇ ਸੈਹਜੇ ਸ੍ਰੀ ਗੁਰੂ ਨਾਨਕ ਦੇਵਜੀ ਦੀ ਭੀ ਸ਼੍ਰਮ ਖ਼ਾਲੀ ਜਾਣ ਲਗੀ ਇਕ ਪਾਸੇ ਮੁਸਲਮਾਨਾਂ ਨੇ ਆਪਣੇ ਜ਼ੁਲਮ ਕਰਨ ਦਾ ਤਰੀਕਾ ਜਾਰੀ ਰਖਿਆ ਦੂਜੇ ਪਾਸੇ ਹਿੰਦੂਆਂ ਨੇ ਗੁਰੂ ਨਾਨਕ ਦੇਵ ਜੀ ਦੀ ਸਿਖਯਾ ਅਨੁਸਾਰ ਕੰਮ ਨਾਂ ਕੀਤਾ ਏਸੇ ਕਰਕੇ ਓਹ ਮੁਸਲਮਾਨਾਂ ਦੀ ਦ੍ਰਿਸਟੀ ਵਿਚ ਸਦਾ ਦੇ ਲਈ ਕਾਫ਼ਰ ਹੀ ਬਨੇ ਰਹੇ ਸੇ ॥

ਅਕਬਰ ਨੇ ਭੀ ਬਾਹਰੋਂ ਤਾਂ ਇਸ ਪ੍ਰਕਾਰ ਦਾ ਉਦਮ ਕੀਤਾ ਕਿ ਹਿੰਦੂ ਤੇ ਮੁਸਲਮਾਂਨ ਆਪਸ ਵਿੱਚ ਮਿਲਕੇ ਰੈਹਨ ਤੇ ਜੇਹੜਾ ਵੈਰ ਵਿਰੋਧ ਆਪਸ ਵਿੱਚ ਪਿਆ ਹੈ ਓਹੁ ਘਟ ਜਾਵੇ ਤੇ ਆਪਸ ਵਿੱਚ ਮਿਲਕੇ ਰਹਿਨ ਦਾ ਸੁਭਾਵ ਪੈ ਜਾਵੇ ਪਰ ਸਚ ਪੁੱਛੋ ਤਾਂ ਹਿੰਦੂਆਂ ਦੇ ਹਕ ਵਿੱਚ ਤਾਂ ਉਸਦੀ ਭੈੜੀ ਹੀ ਵਿਚਾਰ ਸੀ ਹਿੰਦੂਆਂ ਨੇ ਮੁਸਲਮਾਨਾਂ ਦੀਆਂ ਧੀਆਂ ਤਾਂ ਨੀਚ ਜ਼ਾਤ ਜਾਣਕੇ ਲੈਣੀਆਂ ਹੀ ਨਹੀਂ ਸਨ ਸਗੋਂ ਬੁਰੀ ਨਜ਼ਰ ਨਾਲ ਵੇਖਦੇ ਸੇ ਭਾਵੇਂ ਅਕਬਰ ਨੇ ਇਹੁ ਗਲ ਰਾਜਪੂਤਾਂ ਦੇ ਸਾਹਮਣੇ ਪੇਸ਼ ਭੀ ਕੀਤੀ ਪਰ ਹਿੰਦੂ ਰਾਜੇ ਅਜੇਹੇ ਲਾਚਾਰ ਕਾਇਲ ਹੋਗਏ ਕਿ ਮੁਸਲਮਾਨਾਂ ਦੀਆਂ ਲੜਕੀਆਂ ਤਾਂ ਨਾਂ ਲੈ ਸਕੇ ਪਰ ਮੁਸਲਮਾਨਾਂ ਨੂੰ ਆਪਣੀ ਪੁਤ੍ਰੀ ਦਾ ਸਾਕ ਦੇਣਾ ਭਲਾ ਜਾਣਦੇ ਸੇ ॥

ਗਲ ਕਾਹਦੀ ਹਿੰਦੂ ਧਰਮ ਲਈ ਹੁਣ ਓਹੁ ਸਮਾਂ ਆਗਿਆ ਸੀ ਕਿ ਘਾਟਾ ਹੀ ਘਾਟਾ ਦਿਖਾਈ ਦੇਣ ਲਗ ਪਿਆ ਸੀ ਰਾਜਪੂਤ ਖਤ੍ਰੀਆਂ ਪਰ ਸਭ ਹਿੰਦੂਆਂ ਦੀਆਂ ਅਖਾਂ ਸਨ ਕਿ ਓਹੁ ਦੇਸ ਤੇ ਧਰਮ ਦੀ ਲਾਜ ਰਖਣਗੇ ਦੇਸਤਾਂ ਜਾ ਹੀ ਚੁਕਾ ਸੀ ਧਰਮ ਦੇ ਮਿਟ ਜਾਣਦੇ ਭੀ ਨਿਸ਼ਾਂਨ ਦ੍ਰਿਸਟੀ ਆਉਨ ਲਗੇ ਮੰਨਿਆ ਕਿ ਹਿੰਦੂ ਰਾਜਿਆਂ ਨੇ ਦੇਸ ਭਲਿਆਈ ਨੂੰ ਵਿਚਾਰਕੇ ਮੁਸਲਮਾਂਨ ਬਾਦਸ਼ਾਹਾਂ ਦੀਆਂ ਲੜਕੀਆਂ ਲੈਣੋ ਨਾਂਹ ਕੀਤੀ ਪਰ ਓਹੁ ਪੈਹਲੇ ਦੇਣਹੀ ਕਦ ਲਗੇ ਸੇ ਇਹੁ ਤਾਂ ਇਕ ਹਿਕਮਤ ਅਮਲੀ ਸੀ ਤੇ ਨਾਲੇ ਪ੍ਰਭੁਤਾਦਾ ਤੇਜ ਸੀ ਜਿਸ ਕਰਕੇ ਰਾਜਪੂਤ ਰਾਜੇ ਆਪਣੀਆਂ ਲੜਕੀਆਂ ਦੇਣ ਲਈ ਤਿਆਰ ਹੋਗਏ ਇਸ ਨਾਲੋਂ ਵਧਕੇ ਭੈੜਾ ਮੰਦਾ ਸਮਾਂ ਹਿੰਦੂਆਂ ਲਈ ਕਦੇ ਭੀ ਅਗੇ ਨਹੀਂ ਸੀ ਆਯਾ ਤੇ ਨਾਂਹੀ ਅਗੋਂ ਆਉਣ ਵਾਲਾ ਹੈ ਜੋ ਆਪਣੇ ਆਪਹੀ ਲੜਕੀਆਂ ਮੁਸਲਮਾਨਾਂ ਨੂੰ ਦੇਣ ਲਗ ਪਏ ਗਲ ਕਾਹਦੀ ਇਹੁ ਸਭ ਕੁਛ ਹੋਯਾ ਪ੍ਰੰਤੂ ਹਿੰਦੂਆਂ ਦਾ ਸਮਾ ਨਾਂ ਬਦਲਿਆ ਖ਼ਬਰੇ ਸਚ ਹੈ ਹਿੰਦੂਆਂ ਦੇ ਅੰਦਰ ਸ਼ਾਂਤੀ ਵਧ ਗਈ ਹੋਵੇ ਤੇ ਧਰਮ ਉਨਤੀ, ਆਤਮਾਂ ਦੇ ਦਰਸ਼ਨ ਨੂੰ ਕਰ ਲੀਤਾ ਹੋਵੇ ਪਰ ਸਦੀਵ ਦੇ ਉਪਦ੍ਰਵ, ਪਾਪਾਂ, ਤੇਘਰਦੀਆਂ ਲੜਾਈਆਂ ਕਰਕੇ ਅਸੰਭਵ ਨਾਂਹੀ ਹਿੰਦੂਆਂ ਵਿੱਚ ਕੋਈ ਬਲ ਸੀ ਕਿ ਆਉਨ ਵਾਲੀ ਮੁਸੀਬਤ ਬਿਪਤਾ ਨੂੰ ਹਟਾ ਸਕਦੇ ਤੇ ਨਾਂਹੀ ਆਪਣੇ ਅਸਲੀ

ਧਰਮ ਪਰ ਆਕੇ ਆਪਣੀ ਸੂਰਤ ਬਦਲਾਈ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਤਿਨ੍ਹਾਂ ਥੀਂ ਜੋ ਪਹਿਲੇ ਭਲੇ ਪੁਰਖਾਂ ਨੇ ਹਿੰਮਤ ਕੀਤੀ ਸੀ ਤਿਸ ਕਰਕੇ ਕੁਛ ਪਤਾ ਸੀ ਕਿ ਹਿੰਦੂਆਂ ਦਾ ਰੋਗ ਕੁਛ ਘਟਿਆ ਹੋਵੇ ਪਰ ਰੋਗ ਸਾਰਾ ਹੀ ਨਹੀਂ ਗਿਆ ਸੀ ਸੋ ਜਦ ਹੁਣ ਫੇਰ ਦੂਸਰੇ ਧਰਮ ਵਾਲੇ ਜ਼ੋਰਾਵਰ ਹੋਗਏ ਤਾਂ ਹਿੰਦੂਆਂ ਦਾ ਰੋਗ ਵਧਨ ਲਗ ਪਿਆ ॥

ਔਰੰਗਜ਼ੇਬ ਦਾ ਸਮਾ ਹਿੰਦੂ ਧਰਮ ਦੇ ਵਾਸਤੇ ਬੜਾਹੀ ਕਠੋਰ ਤੇ ਪ੍ਰੀਛਿਆ ਵਿੱਚ ਪਾਉਨ ਵਾਲਾ ਸੀ ਇਹੁ ਬਾਦਸ਼ਾਹੁ ਅਜੇਹਾ ਧਰਮ ਆਪਣੇ ਵਿੱਚ ਪਰਪਕ ਸੀ ਕਿ ਲੋਕਾਂ ਨੂੰ ਬਦੋਬਦੀ ਧਰਮ ਇਸਲਾਮ ਵਿੱਚ ਲਿਆਉਨਾਂ ਅਰੰਭ ਕੀਤਾ ਉਂਦ ਤਾਂ ਹੋਰ ਭੀ ਜਿਤਨੇ ਬਾਦਸ਼ਾਹ ਮੁਸਲਮਾਂਨ ਹਿੰਦੁਸਤਾਂਨ ਵਿੱਚ ਹੋਏ ਹਨ ਸਭ ਦਾ ਦਿਲੀ ਇਰਾਦਾ ਹਿੰਦੂਆਂ ਦੇ ਵਿਰੁਧਸੀ ਤੇ ਸਾਰੇਹੀ ਥੋੜੀ ਬਹੁਤੀ ਜ਼ੁਲਮ ਤੱਦੀ ਕਰਦੇ ਰਹੇ ਜਿਸਦੀ ਸਾਖੀ ਵਿੱਚ ਤਵਾਰੀਖ਼ਾਂ ਦੇ ਪੰਨੇ ਹੀ ਭਰੇ ਹੋਏ ਹੈਨ ਪ੍ਰੰਤੂ ਜੇਹਾਕੁ ਔਰੰਗਜ਼ੇਬ ਇਸ ਕੰਮ ਵਿੱਚ ਬਦਨਾਮ ਹੈ ਹੋਰ ਕੋਈ ਨਹੀਂ ਪ੍ਰਸ਼ਨ ਇਹੁ ਹੈ ਕਿ ਔਰੰਗਜ਼ੇਬ ਨੇ ਸੱਚ ਮੁੱਚ ਹਿੰਦੂਆਂ ਪਰ ਜ਼ੁਲਮ ਕੀਤੇ ਸੇ ਜੋ ਜਿਸ ਕਰਕੇ ਓਸਨੂੰ ਭੈੜੀ ਦ੍ਰਿਸ਼ਟੀ ਨਾਲ ਬਦਨਾਮ ਕਰਦੇ ਹਨ ਸੋ ਅਸੀ ਹਜ਼ਾਰਾਂ ਹੀ ਉਸਦੀਆਂ ਗਲਾਂ ਨੂੰ ਛੱਡਕੇ ਕੇਵਲ ਇਕ ਦ੍ਰਿਸ਼ਟਾਂਤ ਦਿਖਾਕੇ ਨਿਆਉਂ ਪਰ ਛੱਡਦੇ ਹਾਂ ਰਾਡ ਸਾਹਿਬ ਆਪਣੀ ਤਾਰੀਖ਼ ਰਾਜਸਤਾਂਨ ਵਿੱਚ

ਔਰੰਗਜ਼ੇਬ ਦੇ ਦੇਸ਼ ਮੈਵਾੜ ਪਰ ਚੜ੍ਹਾਈ ਕਰਨੇ ਦਾ ਵਰਨੰਨ ਕਰਦੇ ਹੋਏ ਲਿਖਦੇ ਹਨ ਕਿ ਹਿੰਦੂ ਐਤਨੇ ਕਤਲ ਹੋਏ ਜਿਤਨੇ ਅਕਬਰ ਨੇ ਏਥੇ ਰਾਜਪੂਤ ਕਤਲ ਕਰਾਕੇ ੭੪½ ਮਨ ਜਨੇਊਆਂ ਦੇ ਤੋਲ ਨਾਲ ਆਪਨੀ ਫ਼ਤੇ ਦੀ ਸੰਗੀਨ ਨੂੰ ਤੋਲਿਆ ਸੀ ਇਸੇ ਤਰਾਂ ਔਰੰਗਜ਼ੇਬ ਨੇ ਹਿੰਦੂਆਂ ਦੇ ਜਨੇ-ਊਆਂ ਨਾਲ ਆਪਣੀ ਜਿਤ ਨੂੰ ਤੋਲਿਆ ਸੀ ਭਾਵੇਂ ਮਨ ਕਹੋ ਵਾ ਵਧ ਘਟ ਕਹੋ ਏਸੇ ਗਲ ਥੀਂ ਔਰੰਗਜ਼ੇਬ ਦੀ ਬੇਦਰਦੀ ਤੇ ਜ਼ੁਲਮ ਦਾ ਪਤਾ ਲਗ ਸਕਦਾ ਹੈ ਔਰੰਗਜ਼ੇਬ ਦੇ ਖ਼ਿਆਲਾਤ ਪਹਿਲੇ ਹੀ ਬਾਦਸ਼ਾਹਾਂ ਦੇ ਖ਼ਿਆਲਾਂ ਨਾਲ ਹੀ ਭਰਪੂਰ ਸੇ ਜੋ ਇਸਲਾਮ ਦਾ ਵਧਾਉਨਾ ਹੀ ਆਪਨੀ ਮੁਕਤੀ ਦਾ ਕਾਰਨ ਜਾਣਦੇ ਹੁੰਦੇ ਸੇ ਪਹਿਲੇ ਮੁਸਲਮਾਂਨ ਬਾਦਸ਼ਾਹ ਹਿੰਦੂਆਂ ਪਰ ਰਾਜ ਉਪਦ੍ਰਵ ਦੀ ਓਟ ਵਿਚ ਧਾਰਮਕ ਜੋਸ਼ ਭੀ ਕਢ ਲੈਂਦੇ ਸੇ ਭਾਵੇਂ ਹਿੰਦੂ ਇਸ ਬਾਤ ਪਰ ਭੀ ਦੁਖੀ ਹੁੰਦੇ ਸੇ ਪਰ ਰਾਜ ਉਪਦ੍ਰਵ ਦੇ ਸਹਾਰਨੇ ਦੇ ਆਦੀ ਹੋਗਏ ਸੇ ਇਸੇ ਕਰਕੇ ਜ਼ੁਲਮ ਸਹਾਰਦੇ ਜਾਂਦੇ ਸੇ ਤੇ ਦਿਨ ਕਟੀ ਕਰਦੇ ਹੁੰਦੇ ਪ੍ਰੰਤੂ ਔਰੰਗਜ਼ੇਬ ਦੀ ਜ਼ਬਰਦਸਤੀ ਤੇ ਬੇਤਰਸੀ ਇਸਲਾਮ ਦੀ ਉਨਤੀ ਦੀ ਨਜ਼ਰ ਨਾਲ ਸੀ ਤੇ ਉਸਦੀ ਹਿੰਮਤ ਦਾ ਕਾਰਨ ਏਹੀ ਫਲ ਸੀ ਕਿ ਹਿੰਦੁਸਤਾਂਨ ਥੀਂ ਕੁਫ਼ਰ ਦਾ ਨਾਮ ਉਠ ਜਾਵੇ ਸਭ ਮੋਮਨ ਮੁਸਲਮਾਂਨ ਹੀ ਨਜ਼ਰ ਆਵਨ ਇਸਦੇ ਕਈ ਕਾਰਨ ਸੇ ਇੱਕ ਤਾਂ ਇਹੁ ਸੀ

ਕਿ ਇਸ ਬਾਦਸ਼ਾਹੁ ਨੇ ਬੇਰਹਿਮੀ ਨਾਲ ਜਿਸਤ੍ਰਾਂ ਆਪਨੇ ਕੁਟੰਬ ਦੇ ਭਰਾਵਾਂ ਤੇ ਕੋੜਮੇਂ ਦੇ ਲੋਕਾਂ ਨੂੰ ਤੇ ਪਿਉ ਨੂੰ ਕੈਦ ਕਰਕੇ ਰੁਲਾਯਾ ਸੀ ਸੋ ਸਾਰੀ ਲਾਜ ਤੇ ਬਦਨਾਮੀ ਦੇ ਦਾਗ਼ ਨੂੰ ਧੋਯਾ ਚਾਹੁੰਦਾ ਸੀ ਏਸੇ ਕਰਕੇ ਓਹੁ ਨੇੜੇ ਤੇੜੇ ਦੇ ਮੁਸਲਮਾਨਾਂ ਨੂੰ ਆਪਣੇ ਇਸਲਾਮ ਦਾ ਜੋਸ਼ ਦਿਖਾਕੇ ਦਾਗ਼ ਧੋਂਦਾ ਸੀ ਦੂਸਰੀ ਗਲ ਇਹੁਸੀ ਕਿ ਅਸਲ ਹੱਕਦਾਰ ਰਾਜਧਾਨੀ ਦਾ ਦਾਰਾ-ਸ਼ਕੋਹ ਅਕਬਰ ਵਰਗਾ ਸੁਲਾ ਕੁਲੀ ਦੀ ਪਾਲੀਸੀ ਰਖਨਵਾਲਾ ਸੀ ਤੇ ਉਸਦੇ ਖ਼ਿਆਲ ਹਿੰਦੂਆਂ ਦੇ ਵੇਦਾਂਤੀ ਮਤ ਵਲ ਵਧਕੇ ਲਗੇ ਹੋਏ ਸੇ ਏਸ ਕਰਕੇ ਔਰੰਗਜ਼ੇਬ ਉਸਨੂੰ ਭੀ ਕੁਫ਼ਰ ਹੀ ਜਾਣਦਾ ਸੀ ਤੇ ਉਸਦੇ ਵਿਰੁਧ ਜਹਾਦ ਯੋਗ ਦਸਨਲਈ ਇਸਲਾਮੀ ਜੋਸ਼ ਦਾ ਪ੍ਰਗਟਕਰਨਾਂ ਆਪਨਾਪਵਿਤ੍ਰ ਨਿਯਮ ਜਾਣਦਾ ਸੀ ਏਸਥੀਂ ਇਹੁ ਸਿਧਾਂਤ ਨਿਕਲਦਾ ਹੈ ਕਿ ਏਨੀ ਪੁਲੀਟੀਕਲ ਲੋੜ ਅਜੇਹੇ ਜ਼ੁਲਮਾਂ ਉਪਦ੍ਰਵਾਂ ਦੇ ਕਰਨ ਲਈ ਨਹੀਂ ਸੀ ਲੋੜੀ ਦੀ ਪਰ ਇਹੁ ਸਾਰੀ ਮੱਕਾਰੀ, ਦਗ਼ੇਬਾਜ਼ੀ, ਤੇ ਹਿੱਕ ਦਾ ਧੱਕਾ ਸੀ ਹੁਣ ਓਹੁ ਸਮਾ ਆਗਿਆ ਸੀ ਕਿ ਹਿੰਦੂਆਂ ਦਾ ਨਾਉਂ ਭੀ ਧਰਤੀ ਥੀਂ ਨਾਸ ਹੋਜਾਵੇ ਇਹੁ ਰੋੜ੍ਹ ਧਕੇਦਾ ਹਿੰਦੂਆਂ ਲਈ ਬੜੀ ਹੀ ਬਲਾ ਵਾਂਗੂ ਸੀ ਤੇ ਇਹੁ ਇਸਲਾਮ ਦੀ ਗਿਲ ਸਭਨਾਂ ਨਾਲੋਂ ਹੀ ਵੱਧਕੇ ਫਹਾ ਦਾ ਕਾਰਨ ਸੀ ਪ੍ਰੰਤੂ ਇਸ ਵੇਲੇ ਇਸਦੇ ਸਾਹਮਣੇ ਹਿੰਦੂਆਂ ਦਾ ਕੀਹ ਸਮਾਚਾਰ ਦਸ਼ਾ ਸੀ

ਅਜੇਹੇ ਗਏ ਗਵਾਚੇ ਸੇ ਕਿ ਚੁਪ ਹੀ ਭਲੀ ਹੈ ਇਹੁ ਓਹੁ ਸਮਾ ਸੀ ਕਿ ਸਾਰੇ ਹੀ ਹਿੰਦੁਸਤਾਂਨ ਵਿੱਚ ਇਸਲਾਮ ਦੇ ਰਾਜ ਦਾ ਡੰਕਾ ਵਜਦਾ ਸੀ ਹਿੰਦੂਆਂ ਦੀ ਕੋਈ ਰਾਜਧਾਨੀ ਬਾਕੀ ਨਹੀਂ ਸੀ ਰਹੀ ਕੋਈ ਕੋਈ ਰਾਜਪੂਤੀ ਰਿਆਸਤ ਛੋਟੀ ਮੋਟੀ ਸੰਘਨੇ ਜੰਗਲ ਬਨਾਂ ਵਿੱਚ ਬਾਕੀ ਰਹਿਗਈ ਸੀ ਤੇ ਯਾ ਕੋਈ ਕੋਈ ਪਹਾੜੀ ਇਲਾਕਾ ਤੇ ਖੋਹਾਂ ਬਾਕੀ ਸੇ ਉਨ੍ਹਾਂ ਪਰ ਭੀ ਇਸਲਾਮੀ ਟਿੱਡੀ ਦਲ ਸਦੀਵ ਹੀ ਵੰਦੀਆਂ ਪੀਂਹਦਾ ਤੇ ਪਕੜਨ ਲਈ ਫਿਰਦਾ ਰਹਿੰਦਾ ਸੀ ਤੇ ਓਹੁ ਰਾਜੇ ਵਿਚਾਰੇ ਪਹਾੜੀਆਂ ਵਿੱਚ ਲੁਕ ਛਿਪਕੇ ਨਿਰਬਾਹੁ ਕਰਦੇ ਫਿਰਦੇ ਸੇ ਪਰ ਹਿੰਦੂਆਂ ਦੀ ਸਹਾਇਤਾ ਤੇ ਬਚਾਓ ਕਿਸੇ ਤਰਾਂ ਭੀ ਨਹੀਂ ਕਰ ਸਕਦੇ ਸੇ ਚੰਦ੍ਰਬੰਸੀ ਖ਼ਾਨਦਾਂਨ ਦਾ ਨਾਮਨਿਸ਼ਾਂਨ ਧਰਤੀ ਥੀਂ ਮਿਟ ਚੁੱਕਾ ਸੀ ਯਾਦਵਾਂ ਦਾ ਕੋਈ ਖੁਰਾ ਖੋਜ ਭਾਰਥ ਵਿੱਚ ਨਹੀਂ ਸੀ ਮਿਲਦਾ ਸ੍ਰੀ ਕ੍ਰਿਸ਼ਨ ਤੇ ਯੁਧਿਸ਼ਟਰ ਜੇਹੇ ਬਲਵਾਨਾਂ ਦੇ ਖ਼ਾਨਦਾਨਾਂ ਵਿੱਚੋਂ ਦੇਸ਼ ਦੇ ਵਾਸਤੇ ਕੋਈ ਹੰਝੂ ਵਗਾਉਨ ਵਾਲਾ ਭੀ ਬਾਕੀ ਨਾਂ ਸੀ ਸੂਰਜਬੰਸੀ ਖ਼ਾਨਦਾਨ ਦੇ ਗਏ ਗਵਾਚੇ ਨਿਸ਼ਾਨ ਤੇ ਬੁਝੇ ਹੋਏ ਦੀਵੇ ਰਾਜੇ ਮੇਵਾਰ ਕੰਦਰਾਂ ਤੇ ਪਹਾੜਾਂ ਵਿੱਚ ਲੁਕੇ ਲੁਕੇ ਫਿਰਦੇ ਸੇ ਅਗਨੀਕੁਲ ਰਾਜਪੂਤਾਂ ਦੇ ਪੁਤ੍ਰ ਆਪਣੇ ਦੇਸ਼ ਤੇ ਧਰਮ ਨੂੰ ਡੋਬਨ ਲਈ ਆਪਣੀ ਪੁਤ੍ਰੀਆਂ ਮੁਸਲਮਾਨਾਂ ਨੂੰ ਭੇਟਾ ਕਰਦੇ ਫਿਰਦੇ ਸੇ ਛਤ੍ਰੀ ਤੇ ਖਤ੍ਰੀ ਖ਼ਾਨਦਾਨ ਦੇ ਨਾਮ ਹੀ ਧਰਤੀ ਥੀਂ ਗਵਾਚ

ਗਏ ਸੇ ਹੁਣ ਕੋਈ ਹਿੰਦੂਆਂ ਦੀ ਰਖਯਾ ਕਰਨ ਵਾਲਾ ਬਾਕੀ ਨਹੀਂ ਸੀ ਰਿਹਾ ਜੇਹੜੇ ਸਨ ਸੋ ਬਲਹੀਨ ਸੇ ਓਹੁ ਰਾਜਪੂਤ ਤੇ ਖਤ੍ਰੀ ਸਭ ਹਿੰਦੁਸਤਾਨ ਦੇ ਮਰਹਟੇ ਸੇ ਜਿਨ੍ਹਾਂ ਦੀ ਬਾਬਤ ਟਾਡ ਸਾਹਿਬ ਨੇ ਲਿਖਿਆ ਹੈ ਕਿ ਦਿੱਲੀ ਦੀ ਫ਼ਤੇ ਤੇ ਦਿਲੇਸ ਦੇ ਫਤ੍ਹੇ ਜਾਣ ਕਰਕੇ ਤੇ ਉਸਦੇ ਮਿਤ੍ਰ ਰਾਜਾ ਚਤੌੜ ਅਤੇ ਓਸ ਦੇ ਬਹਾਦੁਰ ਸੂਰ ਬੀਰਾਂ ਫ਼ੌਜੀਆਂ ਦੇ ਮਰ ਜਾਣ ਕਰਕੇ ਤਾਤਾਰੀਆਂ ਦੀ ਫ਼ਤੇ ਦਾ ਬੂਹਾ ਖੁਲ੍ਹਮ ਖੁਲ੍ਹਾ ਖੁਲ੍ਹ ਗਿਆ ਜਦ ਕਨੌਜ ਫ਼ਤੇ ਹੋਗਿਆ ਤੇ ਆਪਣੀ ਕੌਮ ਦਾ ਦਗ਼ੇਬਾਜ਼ ਨਿਮਕ ਹਰਾਮ ਵੈਰੀ (ਰਾਜਾ ਜੈਚੰਦ) ਆਪਣੇ ਕਰਮਾਂ ਦਾ ਫਲ ਭੋਗਕੇ ਗੰਗਾ ਦੀ ਲੈਹਰ ਵਿੱਚ ਡੁਬ ਮਰਿਆ ਤਾਂ ਕੋਈ ਪੁਰਖ ਹਿੰਦੁਸਤਾਂਨ ਵਿੱਚ ਚੋਹਾਂਨ ਸਿੰਘਾਸਨ ਲਈ ਝਗੜਾ ਕਰਨਵਾਲਾ ਸ਼ਹਾਬੁਦੀਨ ਦੇ ਮੁਕਾਬਲੇ ਵਿਚ ਨਾਂ ਰਿਹਾ ਅਤੇ ਬਰਬਾਦੀ, ਲੁਟ, ਘਸੁਟ ਮਾਰ ਪਿਟ ਲੜਾਈਆਂ ਝਗੜੇ ਥਾਂ ਥਾਂ ਆਰੰਭ ਹੋਗਏ ਜੋ ਸੈਂਕੜੇ ਵਰ੍ਹੇ ਬਰਾਬਰ ਹੁੰਦੇ ਰਹੇ ਇਸ ਸਮੇ ਵਿੱਚ ਸਭ ਨਿਸ਼ਾਂਨਧਾਰਮਕ ਪਵਿੱਤ੍ਰਤਾ ਦੇ ਵਿਦਯਾ, ਕਰਤਬ ਉਨ੍ਹਾਂ ਜੰਗਲੀ ਪਸ਼ੂਆਂ, ਬੇਦਰਦਾਂ ਦੇ ਜ਼ੁਲਮ ਕਰਕੇ ਬਰਬਾਦ ਹੋਗਏ ਭਲੇ ਰਾਜਪੂਤਾਂ ਨੇ ਸੂਰ ਬੀਰਤਾ ਨਾਲ ਸਭ ਪ੍ਰਕਾਰ ਕਰਕੇ ਆਪਣੇ ਵੈਰੀ ਦੇ ਮੂੰਹ ਮੋੜਨ ਦਾ ਉਪਰਾਲਾ ਭੀ ਕੀਤਾ ਆਪਣੀ ਹਿੰਮਤ ਤੇ ਬਹਾਦੁਰੀ ਦੇ ਨਾਲ ਆਪਣੇ ਵੈਰੀਆਂ ਦੇ ਸਭ ਖ਼ਾਨਦਾਨਾਂ ਨੂੰ ਤੋੜ ਫੋੜ ਦਿੱਤਾ ਪ੍ਰੰਤੂ

ਓੜਕ ਨੂੰ ਪ੍ਰਾਰਬਧਦੇ ਅੱਗੇ ਸਿਰ ਨੀਵਾਂ ਕਰਨਾਹੀ ਪਿਆ ਰਾਜਸਥਾਨ ਦੀਆਂ ਸਭ ਸੜਕਾਂ ਅਤੇ ਰਾਹੁ ਦੋਹਾਂ ਧਿਰਾਂ ਦੇ ਦਲ ਦੇ ਲਹੂ ਨਾਲ ਨਦੀਆਂ ਵਾਂਗੂੰ ਭਰ ਗਏ ਪ੍ਰੰਤੂ ਸਭ ਨਿਸ ਫਲ ਕਿਉਂਕਿ ਮੁਸਲਮਾਨਾਂ ਨੂੰ ਸਦੀਵ ਨਵੀਨ ਥੀਂ ਨਵੀਨ ਫ਼ੌਜ ਦਾਰੂ ਸਿੱਕਾ ਚਲਾ ਆਉਂਦਾਸੀ ਇੱਕ ਸੰਤਾਨ ਦੇ ਮਗਰੋਂ ਦੂਜੀ ਸੰਤਾਨ ਸਿੰਘਾਸਨ ਪਰ ਬੈਠਦੀ ਜੋ ਸਭਦੇ ਸਭ ਇਕਹੀ ਭਾਂਤ ਦੇ ਬੇਤਰਸ ਸੁਭਾਉ ਵਾਲੇ ਹੁੰਦੇ ਸੇ ਜਿਸ ਕਰਕੇ ਕਤਲ ਨੂੰ ਭਲਾ ਤੇ ਲੁੱਟ ਕੁੱਟ ਨੂੰ ਸ਼ਰਈ ਹੁਕਮ ਤੇ ਬਰਬਾਦੀ ਨੂੰ ਖ਼ੁਦਾ ਦੀ ਆਗਯਾ ਸਮਝਦੇ ਸੇ ਇਸਤ੍ਰਾਂ ਨਾਲ ਵਡੇ ਜੁਧ ਜੰਗ ਕਰਕੇ ਭੀ ਰਾਜਪੂਤਾਂ ਦੀਆਂ ਸਭ ਕੌਮਾਂ ਧਰਤੀ ਥੀਂ ਜਾਂਦੀਆਂ ਰਹੀਆਂ ਜਿਨ੍ਹਾਂਦੇ ਨਾਉਂ ਕੇਵਲ ਉਨ੍ਹਾਂਦੇ ਸੂਰਬੀਰਤਾਂ ਨਾਲ ਸੁਣੇ ਜਾਂਦੇ ਹਨ ਹੋਰ ਕੌਨ ਕੌਮ ਸੀ ਜੋ ਇਸਤ੍ਰਾਂ ਦੇ ਉਪਦ੍ਰਵਾਂ ਨੂੰ ਸਹਾਰਕੇ ਸੈਂਕੜੇ ਵਰਹੇ ਜੰਗ ਜੁਧ ਕਰਕੇ ਵੈਰੀਆਂ ਪਾਪੀਆਂ ਜ਼ਾਲਮਾਂ ਪਾਸੋਂ ਆਪਣੇ ਧਰਮ ਨੂੰ ਬਚਾਕੇ ਆਪਣੇ ਪਿਉ ਦਾਦੇ ਨੂੰ ਵੱਟਾ ਨਾ ਲਾਕੇ ਜੀਉਂਦਾ ਨਾਮ ਰਖ ਸਕਦੀ ਸੀ ਇਹੁ ਕੇਵਲ ਸ਼ਸਤ੍ਰੀ ਸੂਰਮੇ ਹੀ ਸੇ ਰਾਜਪੂਤ ਭਾਵੇਂ ਬੜਾ ਸਰ ਗਰਮ ਪਰ ਬੇਖ਼ਬਰ ਹੁੰਦਾ ਹੈ ਪਰ ਜਦ ਲੋੜ ਪਵੇ ਤਾਂ ਓਹੁ ਆਪਣੀ ਸੁਭਾਵ ਦੀ ਪ੍ਰਕਿਰਤੀ ਨੂੰ ਸੈਹਿਨ ਸੀਨ ਵਾਲੀ ਤੇ ਬਾਹਰੋਂ ਬੇਪ੍ਰਵਾਹੀਦੀ ਬਨਾ ਸਕਦਾ ਹੈ ਤੇ ਆਪਣੇ ਲਈ ਜੁਧ ਜੰਗ ਲਈ ਸਦੀਵਹੀ ਤਿਆਰ ਰਖਦਾ

ਹੈ ਕੇਵਲ ਰਾਜਸਤਾਂਨ ਹੀ ਇੱਕ ਅਜੇਹੇ ਪੁਰਖਾਂ ਦਾ ਦ੍ਰਿਸ਼ਟਾਂਤ ਹੈ ਜੋ ਅਜੇਹੇ ਜ਼ਾਲਮਾਂ ਦਾ ਮੁਕਾਬਲਾ ਕਰੇ ਅਜੇਹੇ ਵੈਰੀ ਦੇ ਸਾਹਮਣੇ ਜਿਸਦੇ ਧਰਮ ਦੀ ਆਗਜਾ ਦੇਸ ਬਰਬਾਦ ਕਰਨ ਦੀ ਹੋਵੇ ਤੇ ਜਹਾਂਨ ਫ਼ਨਾਂਹ ਕਰਨ ਦੀ ਹੋਵੇ ਅਜੇਹੇ ਵੈਰੀ ਦੇ ਹੇਠਾਂ ਜ਼ਿਮੀ ਪਰ ਡਿਗਕੇ ਅਰਥਾਤ ਗ਼ਰੀਬ ਬਨਕੇ ਜ਼ੁਲਮਾਂ ਦੇ ਦੁਬਾਉ ਹੇਠ ਕੇਵਲ ਰਾਜਪੂਤ ਹੀ ਤਲਵਾਰ ਉਠਾਉਂਦਾ ਹੈ ਅਤੇ ਦੁਖਾਂ ਕਲੇਸ਼ਾਂ ਨੂੰ ਆਪਣੀ ਸੂਰਬੀਰਤਾ ਦੇ ਸਾਮਾਂਨ ਬਨਾਉਂਦਾ ਹੈ ਬਰਤਾਨੀਆਂ ਦੇ ਲੋਕਾਂ ਦੀ ਤਰਾਂ ਇੱਕੋ ਵੇਰੀ ਰੂਮ ਦੇ ਲੋਕਾਂ ਦੇ ਜ਼ੋਰ ਦੀ ਹਕੂਮਤ ਦੇ ਰੋੜ੍ਹ ਵਿੱਚ ਗਰਕ ਹੋਗਏ ਸੇ ਤੇ ਉਨ੍ਹਾਂ ਦੀਆਂ ਕੋਸ਼ਸ਼ਾਂ ਆਪਣੇ ਬਾਗ਼ ਆਪਣੇ ਸਾਥੀਆਂ ਤੇ ਆਪਣੇ ਪਵਿਤ੍ਰ ਮੰਦਰਾਂ ਦੀ ਬਰਬਾਦੀ ਨੂੰ ਨਹੀਂ ਬਚਾ ਸਕੀਆਂ ਸਨ ਫੇਰ ਸੈਕਸ਼ਦੇ ਵਿਰੁਧ ਭੀ ਓਹਏਸੇ ਤਰਾਂ ਹੀ ਲਤਾੜੇ ਗਏ ਸੇ ਫੇਰ ਏਸੇ ਤਰਾਂ ਹੀ ਦੀਨ ਦੇ ਲੋਕਾਂ ਦੇ ਸਾਹਮਣੇ ਇਹੁ ਲੋਕਸੇ ਇਹੁ ਭੀ ਗਲ ਨਾਲ ਹੀ ਸੀ ਕਿ ਆਪਣੇ ਵੈਰੀ ਨਾਰਮਨ ਦੀ ਰਾਜਧਾਨੀ ਕੇਵਲ ਇਕੋ ਜੁੱਧ ਕਰਨੇ ਕਰਕੇ ਫ਼ਤੇ ਹੋ ਜਾਂਦੀ ਸੀ ਜਿਸਦੀ ਜਿਤ ਹੁੰਦੀ ਹਾਰ ਵਾਲੇ ਉਸੇ ਦਾ ਧਰਮ ਗ੍ਰੈਹਨ ਕਰ ਬੈਠਦੇ ਸੇ ਹੁਣ ਇਨ੍ਹਾਂ ਨਾਲ ਰਾਜਪੂਤਾਂ ਦਾ ਮੁਕਾਬਲਾ ਕਰੋ ਉਨ੍ਹਾਂ ਦੇ ਧਰਮ ਤੇ ਰਸਮ ਰਵਾਜ ਦਾ ਇਕ ਕਿੰਰਤ ਭਰ ਭੀ ਲੋਪ ਨਹੀਂ ਹੋਯਾ ਭਾਵੇਂ ਬਹੁਤ ਸਾਰੀ ਧਰਤੀ ਆਪਣੇ ਹਥੋਂ ਗਵਾ ਬੈਠੇ ਹਨ ਤੇ ਕਈ ਰਿਆਸਤਾਂ

ਰਾਜਧਾਨੀ ਦੇ ਨਕਸ਼ੇ ਥੀਂ ਮਿਟ ਗਈਆਂ ਹਨ ਅਤੇ ਕੌਮੀ ਨਿਮਕਹਰਾਮੀ ਦੀਆਂ ਸਜ਼ਾਵਾਂ ਰਾਠੌਰਾਂ ਨੂੰ ਉਤਸਾਹ ਤੇ ਛਤੇ ਕਰਕੇ ਹੰਕਾਰ ਅਤੇ ਆਲੀਸ਼ਾਂਨ ਅਨਲਵਾੜਾ ਦੀ ਸ਼ਾਨ ਸ਼ੌਕਤ ਹੁਣ ਕੇਵਲ ਮਿਟੇ ਹੋਏ ਨਾਮ ਬੁਝੇ ਹੋਏ ਨਿਸ਼ਾਂਨ ਤੇ ਭੁਲੀਆਂ ਭੁਲਾਈਆਂ ਯਾਦਗਾਰਾਂ ਰਹਿ ਗਈਆਂ ਹਨ॥

—

ਇਨਫਿਨਿਸਟਨ ਸਾਹਿਬ ਲਿਖਦੇ ਹਨ ਤਾਰੀਖ਼ ਉਰਦੂ ਸਫ਼ੇ ੫੮੭ ਪਰ ਦੇਖੋ

ਹਿੰਦੂਆਂ ਦੀ ਕੋਈ ਰਿਆਸਤ ਭੀ ਬਗ਼ੈਰ ਬੜੇ ਜੁਧ ਜੰਗ ਕੀਤੇ ਦੇ ਛਤੇ ਨਾਂ ਹੋਈ ਸਗੋਂ ਕੋਈ ਕੋਈ ਰਿਆਸਤਾਂ ਪੂਰੀ ਤਰਾਂ ਨਾਲ ਆਗਯਾ ਦੇ ਮੰਨਨਵਾਲੀਆਂ ਨਾਂ ਹੋਈਆਂ ਏਥੋਂ ਤੋੜੀ ਕਿ ਹੁਣ ਤਕ ਓਹੁ ਕਾਇਮ ਹਨ ਪਰ ਮੁਸਲਮਾਨਾਂ ਦੀ ਬਾਦਸ਼ਾਹਤ ਗ਼ਰਕ ਹੋ ਚੁਕੀ ਹੈ ਜੇਹੜਾ ਮੁਕਾਬਲਾ ਸ਼ਹਾਬੁਦੀਨ ਨੂੰ ਹਿੰਦੂਆਂ ਨਾਲ ਪੇਸ਼ ਪਿਆ ਸੋ ਸਾਰਾ ਕਾਰਨ ਉਸਦਾ ਏਹੀ ਸੀ ਕਿ ਹਿੰਦੂਆਂ ਵਿੱਚ ਰਾਜਪੂਤ ਕੌਮ ਬੜੇ ਪੁਰਾਨੇ ਸਿਪਾਹੀ ਪੇਸ਼ਾ ਸੀ ਤੇ ਏਸੇ ਤਰਾਂ ਹੀ ਸਿਪਾਹੀਗਰੀ ਦੇ ਕੰਮ ਵਿਖੇ ਆਪਣੀ ਉਮਰਾਂ ਬਤੀਤ ਕਰਦੇ ਸੇ ਅਤੇ ਹੋਰ ਸਭ ਜ਼ਾਤਾਂ ਨਾਲੋਂ ਰਾਜਪੂਤ ਜ਼ਾਤ ਉਤਮ ਤੇ ਚੰਗੀ ਗਿਣੀ ਜਾਂਦੀ ਸੀ ਭਾਵੇਂ ਹੋਰ ਲੋਗ ਰਸਮਾਂ ਤੇ ਮਜ਼੍ਹਬਾਂ ਵਿੱਚ ਅੱਡੋ ਅਡ ਹੋਗਏ ਸੇ ਪਰ ਆਣ ਬਨੀ ਵੇਲੇ ਸਭ ਇੱਕਤ੍ਰ ਹੋ ਜਾਯਾ ਕਰਦੇ ਪਰ

ਰਾਜਪੂਤ ਕੌਮ ਅਜੇਹੀ ਸੂਰ ਬੀਰ ਸੀ ਕਿ ਓਹੁ ਮਾਂ ਦੀ ਕੁਖ ਵਿੱਚੋਂ ਨਿਕਲਦੇਹੀ ਤਾਂ ਸਨ ਜਦ ਸਿਪਾਹੀ ਬਨ ਜਾਂਦੇ ਸੇ ਤੇ ਸਭ ਜਥੇ ਇਨ੍ਹਾਂਦੇ ਮੌਰੂਸੀ ਸਰਦਾਰ ਰਖਦੇ ਸੇ ਇਹਨਾਂ ਸਭਨਾਂ ਗਲਾਂ ਦੇ ਹੁੰਦਿਆਂ ਭੀ ਇਤਹਾਸਕਾਂ ਨੇ ਰਾਜਪੂਤਾਂ ਦੀ ਬੜੀਹੀ ਵਡਿਆਈ ਲਿਖੀ ਹੈ ਪ੍ਰੰਤੂ ਇਹੀ ਰਾਜਪੂਤ ਅਜੇਹੇ ਬਲਹੀਨ ਕਾਇਰ ਬਨ ਗਏ ਸੇ ਕਿ ਸੈਹਜੇ ਸੈਹਜੇ ਸਭ ਰਿਆਸਤਾਂ ਹੀ ਗਵਾ ਬੈਠੇ ਸੇ ਤੇ ਅਕਬਰ, ਜਹਾਂਗੀਰ, ਸ਼ਾਹਜਹਾਨ, ਆਲਮ ਗੀਰ ਨੂੰ ਲੜਕੀਆਂ ਦੇਣੀਆਂ ਹੀ ਪੈਂਦੀਆਂ ਇਸਥੀਂ ਵਧ ਇਸ ਕੌਮ ਦੇ ਘਾਟੇ ਦਾ ਕਾਰਨ ਦਸਨ ਦੀ ਕੀਹ ਲੋੜ ਹੈ ਮੰਨਿਆ ਕਿ ਅਕਬਰ ਨੇ ਹਿਕਮਤ ਅਮਲੀ ਨਾਲ ਰਾਜਪੂਤ ਰਾਜਿਆਂ ਦੀਆਂ ਲੜਕੀਆਂ ਲਈਆਂ ਪਰ ਜਹਾਂਗੀਰ, ਸ਼ਾਹ-ਜਹਾਨ, ਅਤੇ ਆਲਮਗੀਰ ਨੇ ਕੀਹ ਹਿਕਮਤ ਅਮਲੀ ਵਰਤੀ ਸੀ ਇਨ੍ਹਾਂ ਨੇ ਅਪਣੇ ਜ਼ੋਰ ਨਾਲ ਤੇ ਰਾਜਪੂਤਾਂ ਦੀ ਦੁਰਬਲਤਾ ਦੇ ਕਾਰਨ ਉਨ੍ਹਾਂ ਦੀਆਂ ਲੜਕੀਆਂ ਲਈਆਂ ਇਹੁ ਗਲ ਠੀਕ ਹੈ ਕਿ ਰਾਜਪੂਤਾਂ ਨੇ ਚੱਪਾ ਚੱਪਾ ਜ਼ਿਮੀਨ ਬਿਨਾ ਕਠੋਰ ਜੁਧ ਕੀਤੇ ਦੇ ਨਹੀਂ ਦਿਤੀ ਪ੍ਰੰਤੂ ਇਸ ਗਲ ਦੇ ਮੰਨਨ ਵਿੱਚ ਭੀ ਕਿੰਚਤ ਮਾਤ੍ਰ ਭੀ ਸੰਦੇਹ ਨਹੀਂ ਕਿ ਅਕਬਰ, ਤੇ ਆਲਮਗੀਰ ਦੇ ਰਾਜ ਸਮੇ ਤਕ ਹਿੰਦੂਆਂ ਦਾ ਬਲ ਹਿੰਦੁਸਤਾਂਨ ਵਿਚੋਂ ਨਾਸ ਹੋ ਚੁਕਾ ਸੀ ਬਿਨਾ ਮੇਵਾੜ ਦੇ ਰਾਜੇ ਦੇ ਸਭ ਰਾਜਪੂਤ ਰਾਜੇ ਜੇਹੜੇ ਸ੍ਵਾਧੀਨ ਹਿੰਦੁਸਤਾਨ ਵਿਚ ਸੇ ਸਭ ਮਰ ਖਪ ਚੁਕੇ

ਸੇ ਕਿਸੇ ਤਰਾਂ ਦੀ ਪੁਲੀਟੀਕਲ ਸਾਮ੍ਰਥਤਾ ਅਥਵਾ ਤਵਾਰੀਖ਼ੀ ਵਡਿਆਈ ਰਾਜਪੂਤਾਂ ਦੀ ਬਾਕੀ ਨਹੀਂ ਸੀ ਰਹੀ ਓੜਕ ਰਾਜੇ ਮੇਵਾੜਨੇ ਭੀ ਕਈ ਸੌ ਵਰਿਹਾਂ ਦੀ ਬਹਾਦੁਰੀ ਤੇ ਸੂਰਬੀਰਤਾ ਕੀਤੀ ਕਤਰੀਨੂੰ ਗਵਾਕੇ ਇਸਲਾਮ ਦੀ ਆਗਯਾ ਮੰਨਨ ਲਈ ਸਿਰ ਨੀਵਾਂ ਕਰ ਦਿੱਤਾ ਸੀ ਹਿੰਦੂ ਕੌਮ ਦਾ ਸਹਾਰਾ ਹੁਣ ਕੋਈ ਭੀ ਨਹੀਂ ਸੀ ਰਿਹਾ ਅਤੇ ਓੜਕ ਨੂੰ ਰਾਜਪੂਤਾਂ ਪਰ ਅਜੇਹਾ ਸਮਾ ਆਗਿਆ ਸੀ ਜੇਹਾਕੁ ਇਨ ਫਿਨਸਟਨ ਸਾਹਿਬ ਜੀ ਵਰਨੰਨ ਕਰਦੇ ਹਨ॥

"ਜੇਕਰ ਉਨ੍ਹਾਂਦੀ ਵਡਿਆਈ ਜਿਵੇਂ ਉਪਰ ਵਰਨੰਨ ਹੈਉਨ੍ਹਾਂ ਦੀ ਸੁਸਤੀ ਤੇ ਕਾਇਰਤਾ ਦਾ ਵਾਧਾ ਕਰੀਏ ਜੇਹੜੀ ਮੁੱਦਤਾਂ ਥੀਂ ਚਲੀ ਆਉਂਦੀ ਹੈ ਭਾਵੇਂ ਓਹੁ ਅਜੇਹੀ ਨਹੀਂ ਸੀ ਕਿ ਉਸਦਾ ਹਾਲ ਤਵਾਰੀਖ਼ ਵਿੱਚ ਦਰਜ ਹੋਵੇ ਤੇ ਨਾਲੇ ਉਹਨਾਂ ਅਸਰਾਂ ਦਾ ਭੀ ਵਰਨਨ ਕਰੀਏ ਜੋ ਫੇਰ ਚਿਰਾਂ ਥੀਂ ਹੋਜਾਣ ਕਰਕੇ ਤੇ ਬਲ ਧੀਰਜ ਨੂੰ ਘਟਾ ਦੇਣ ਵਾਲੇ ਸੇ ਤਾਂ ਇੱਕ ਅਜੇਹੀ ਸੁਭਾਵਕ ਪ੍ਰਕ੍ਰਿਤੀ ਪਾਈ ਜਾਵੇਗੀ ਜੇਹੀਕੁ ਅਜ ਕਲ ਦੇ ਰਾਜ਼ਪੂਤਾਂ ਵਿੱਚ ਪਾਈ ਜਾਂਦੀ ਹੈ ਤੇ ਓਹੁ ਅਪਣੇ ਵਡਿਆਂ ਨਾਲ ਓਹੁ ਬਰਾਬਰੀ ਕਰਦੇ ਹਨ ਕਿ ਜਿਵੇਂ ਉਸਦੇ ਵਡੇ ਮਹਾਂਭਾਰਤ ਦੇ ਮਗਰੋਂ ਬਹਾਦੁਰ ਰਾਜਪੂਤਾਂ ਨਾਲ ਰਖਦੇ ਹੁੰਦੇ ਸੇ॥

ਔਰੰਗਜੇਬ ਦੇ ਸਮੇਂ ਤਕ ਹਿੰਦੁਸਤਾਨ ਤੇ ਹਿੰਦੂਆਂ ਦੀ ਇਹੁ

ਦੁਰਦਸ਼ਾ ਹੋਗਈ ਸੀ ਕਿ ਸਾਰੇ ਹੀ ਹਿੰਦੁਸਤਾਂਨ ਪਰ ਇਸ-ਲਾਮੀ ਰਾਜ ਦੀ ਛਾਯਾ ਪਈ ਹੋਈ ਸੀ ਗੁਜਰਾਤ, ਦੁਵਾਰਕਾ ਤਕ ਇਸਲਾਮੀ ਹਕੂਮਤ ਹੋ ਚੁਕੀ ਸੀ ਦਖਨ ਦੀਆਂ ਸਭ ਹਿੰਦੂ ਰਾਜਧਾਨੀਆਂ ਧੀਰੇ ਧੀਰੇ ਨਾਸ਼ਰੂਪੀ ਪੜਦੇ ਵਿੱਚ ਮੂੰਹ ਲੁਕਾਈ ਜਾਂਦੀਆਂ ਸੇ ਅਤੇ ਰਾਮੇਸ਼੍ਵਰ ਵਿੱਚ ਮਸੀਤਾਂ ਬਨਾਕੇ ਅਲਾਹੂ ਅਕਬਰ, ਦੀਆਂ ਬਾਂਗਾਂ ਉਠ ਰਹੀਆਂ ਸਨ ਉੜੀਸਾ, ਤੇ ਬੰਗਾਲਾ ਭੀ ਚਿਰਾਂ ਥੀਂ ਹੀ ਇਸਲਾਮ ਦੇ ਉਪਦ੍ਰਵ ਕਰਨ ਲਈ ਪ੍ਰੀਛਾ ਦਾ ਫੱਟ ਬਨ ਰਿਹਾ ਸੀ ਉਤ੍ਰ ਦੇ ਰਾਜੇ ਭੀ ਆਗਯਾ ਪਾਲਕ ਬਨ ਚੁਕੇ ਸੇ ਕਸ਼ਮੀਰ ਦੇ ਸਿਰ ਪਰ ਇਸਲਾਮੀ ਝੰਡਾ ਝੂਲ ਰਿਹਾ ਸੀ ਏਨੀਆਂ ਗਲਾਂ ਦੇ ਹੋਣੇ ਪਰ ਭੀ ਲੋਕ ਦੁਖੀ ਹੋ ਰਹੇ ਸੇ ਸਭਨੀਂ ਪਾਸੀਂ ਨਵੇਂ ਸੂਰਜ ਝਗੜੇ ਫਸਾਦ ਉਠਦੇ ਅਤੇ ਹਿੰਦੂ ਆਟੇ ਵਿੱਚ ਲੂਣ ਦੀ ਤਰਾਂ ਪੀਠੇ ਜਾਂਦੇ ਸੇ ਸਭ ਚੜ੍ਹਾਈਆਂ ਜੁੱਧਾਂ ਵਿੱਚ ਹਿੰਦੂਆਂ ਦਾ ਹੀ ਬੁਰਾ ਹਾਲ ਤੇ ਨੁਕਸਾਨ ਸੀ ਇਤਹਾਸਾਂ ਦੇ ਪੰਨੇ ਪਲਟਾਕੇ ਦੇਖੋ ਕੋਈ ਪ੍ਰਵਿਸ਼ਟਾ, ਦਿਨ ਹਿੰਦੁਸਤਾਂਨ ਵਿੱਚ ਇਸਲਾਮ ਦੇ ਸਮੇ ਦਾ ਅਜੇਹਾ ਨਹੀਂ ਲਭੇਗਾ ਜਿਸ ਦਿਨ ਕੋਈ ਨਾ ਕੋਈ ਲੜਾਈ, ਫੌਜ ਕਸ਼ੀ, ਜੰਗ, ਜੁੱਧ, ਹਿੰਦੁਸਤਾਂਨ ਦੇ ਕਿਸੇ ਭਾਗ ਵਿੱਚ ਨਾ ਹੋਵੇ ਅਜੇਹੇ ਸਮੇਂ ਦੀ ਬੇਚੈਨੀ ਤੇ ਕਲੇਸਾਂ ਥੀਂ ਹਿੰਦੂ ਕੀਹ ਚੀਜ਼ ਸੇ ਜੋ ਬਚਦੇ ਜੋ ਕੁਛ ਪਹਿਲੇ ਹੋਯਾ ਸੀ ਉਸ ਨੂੰ ਦ੍ਰਿਸ਼ਟੀ ਗੋਚਰ ਕਰਕੇ ਜੇਕਰ ਕੇਵਲ ਔਰੰਗਜ਼ੇਬ ਥੀ

ਕਰਤੂਤਾਂ ਪਰ ਹੀ ਧਿਆਨ ਕਰੀਏ ਤਾਂ ਓਹੁ ਸਮਾਂ ਆਣ ਪਹੁੰਚਾ ਸੀ ਕਿ ਹਿੰਦੂਆਂ ਦਾ ਨਾਉਂ ਭੀ ਧਰਤੀ ਥੀਂ ਇਸਤ੍ਰਾਂ ਉਠ ਜਾਵੇ ਜਿਸਤ੍ਰਾਂ ਕੁਰੇਸ਼ ਦੇ ਲੋਕਾਂ ਦਾ ਅਰਬ ਥੀਂ ਉਠ ਗਿਆ ਸੀ ਨੇੜੇ ਹੀ ਸੀ ਕਿ ਫ਼ਾਰਸ, ਤੁਰਕੀ, ਤੁਰਕਸਤਾਨ, ਅਫ਼ਗਾ- ਨਿਸਤਾਨ, ਬਲੋਚਸਤਾਨ ਵਾਂਗੂ ਆਪਣੇ ਵਡਿਆਂ ਦੇ ਧਰਮ ਨੂੰ ਤਿਲਾਂਜਣੀ ਦੇ ਬੈਠਦੇ ਤੇ ਇਸਲਾਮ ਦੀ ਤਲਵਾਰ ਦੇ ਅੱਗੇ ਸਿਰ ਨੀਵਾਂ ਕਰਕੇ ਵਡਿਆਂ ਦੀ ਮਿਲਤ ਥੀਂ ਹੱਥ ਧੋ ਬੈਠਦੇ ਕਿਉਂਕਿ ਹਿੰਦੂਆਂ ਵਿਚ ਹੁਣ ਇਸਲਾਮੀ ਬਲ ਦਾ ਸਾਹਮਣਾਂ ਕਰਨ ਦੀ ਨਾਂ ਸਲਾਹੁ ਹੀ ਸੀ ਤੇ ਨਾਂ ਬਲ ਭੁਜਾਂ ਵਿੱਚ ਤੇ ਨਾਹੀਂ ਬਾਹਾਂ ਸਨ ਨਾਂ ਧਰਮ ਦਾ ਹੀ ਬਲ ਸੀ ਨਾਂ ਧਨ ਬਲ ਸੀ ਇੱਕ ਤਾਂ ਵਿਥੜੀ ਤੇ ਦੁਰਬਲ ਟੋਟੇ ਟੋਟੇ ਹੋਈ ਹੋਈ ਕੌਮ ਹੁਣ ਕੇਵਲ ਸਹਿਕ ਰਹੀ ਸੀ ਤੇ ਨੇੜੇ ਹੀ ਸੀ ਕਿ ਇਸਦਾ ਓੜਕ ਦਾ ਸਾਹੁ ਨਿਕਲ ਜਾਵੇ ਅਤੇ ਇਹ ਮਰ ਜਾਵੇ ਹਿੰਦੂ ਧਰਮ ਅਫਲ ਪਤ੍ਰਹੀਨ ਸੀ ਕਬੂਤਰ ਬਿਨਾਂ ਪਰ ਤੇ ਬਾਲ ਸੀ ਉਸਦੀ ਬੇੜੀ ਜੀਉਨ ਦੇ ਰੋੜ੍ਹ ਵਿੱਚ ਅਜੇਹੀ ਘਿਰੀ ਸੀ ਕਿ ਕੰਢੇ ਲਗਨ ਦੀ ਕੋਈ ਆਸ ਬਾਕੀ ਨਾ ਸੀ ਕੋਈ ਮਲਾਹ ਨਹੀਂ ਸੀ ਟੋਬਾ ਭੀ ਕੋਈ ਨਹੀਂ ਸੀ ਹਰ ਪਾਸੇ ਭੱਵਰ ਤੇ ਲਹਿਰਾਂ ਨੇ ਕੋਈ ਆਸ ਜੀਉਨ ਦੀ ਨਾਂ ਰਖੀ ਸੀ ਤਦ ਅਚਾਨਕ ਇੱਕ ਸੂਰਤ ਉਤਪਤ ਹੋਈ ਜਿਸਨੇ ਉੱਚੀ ਦਿੱਤੀ ਹਿੰਦੂ ਧਰਮ ਵਲ ਮੂਹ ਕਰਕੇ ਜ਼ੋਰ ਨਾਲ ਕਿਹਾ ਕਿ (ਕਹਿਤਾ ਹਬਾਬ ਹਸਤੀ

ੴ ਸਤਿਗੁਰਪ੍ਰਸਾਦਿ ॥

# ਸ੍ਰੀਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ ਚਰਿੱਤ੍ਰ

ਭੂਮਕਾ ਵਿੱਚ ਹੀ ਇਹੁ ਦਸਿਆ ਗਿਆ ਹੈ ਕਿ ਸ੍ਰੀਗੁਰੂ ਨਾਨਕ ਦੇਵ ਜੀ ਨੇ ਈਸ਼੍ਵਰ ਭਗਤੀ ਦੇ ਆਸਰੇ ਹਿੰਦੂਆਂ ਦੀ ਉਸ ਗਈ ਗਵਾਚੀ ਸ਼ਕਤੀ ਨੂੰ ਖੜੇ ਕਰਨਾਂ ਚਾਹਿਆ ਜਿਸ ਵਿਚ ਕਿ ਓਹੁ ਚਿਰਾਂ ਥੀਂ ਪਏ ਹੋਏ ਸਨ ਤੇ ਜਿਸਦੇ ਕਾਰਨ ਓਨ੍ਹਾਂ ਨੂੰ ਮੁਸਲਮਾਂਨ ਬੁਰਾ ਜਾਣਦੇ ਸੇ ਤੇ ਹਰ ਪ੍ਰਕਾਰ ਕਰਕੇ ਹਿੰਦੂ ਉਨ੍ਹਾਂਦੇ ਹੱਥੋਂ ਕਸ਼ਟ ਦੁਖ ਉਠਾਉਂਦੇ ਸੇ ਸਚੀ ਗਲ ਤਾਂ ਇਹੁ ਸੀ ਕਿ ਹਿੰਦੂਆਂ ਨੇ ਮੂਰਤੀਪੂਜਾ, ਬੁਧ ਧਰਮ ਤੋਂ ਬਹੁਤ ਕਰਕੇ ਸਿਖੀ ਸੀ ਅਤੇ ਮੁਸਲਮਾਂਨ ਮੂਰਤੀ ਪੂਜਾਥੀਂ ਬੜੀ ਘਿਣ ਕਰਦੇ ਸੇ ਸ਼ਿਰਕ ਦਾ ਇਸਲਾਮ ਵੈਰੀ ਸੀ ਤੇ ਪਹਿਲੋਂ ਪਹਿਲ ਇਸਲਾਮੀ ਛਤੇ ਤੇ ਆਸਾਪੂਰਨ ਤਾਂਹੀ ਹੋਈ ਸੀ ਕਿ ਉਸਦਾ ਸਿਖ੍ਯਾ ਵਿੱਚ ਬੜੀ ਗਲ ਸ਼ਿਰਕ ਨੂੰ ਦੂਰ ਕਰਨਦੀ ਸੀ ਅਤੇ ਮੂਰਤੀ ਪੂਜਾ ਨੂੰ ਖ੍ਵਾਰ ਕਰਨ ਦੀ ਹੀ ਕਾਰਨ ਸੀ ਏਸੇ ਕਰਕੇ ਹਿੰਦੁਸਤਾਨ ਵਿੱਚ ਭੀ ਇਸਲਾਮ ਦੀ ਵਿਰੋਧਤਾਈ ਹਿੰਦੂਆਂ ਦੀ ਇਸ ਮੂਰਤੀ ਪੂਜਾ ਕਰਨ ਦੇ ਕਾਰਨ ਬਹੁਤ ਕਰਕੇ ਸੀ ਸੋ ਜਿਤਨਾਂ ਚਿਰ ਹਿੰਦੁਸਤਾਂਨ ਨੂੰ ਹਿੰਦਵੀ ਮੂਰਤੀ

ਪੂਜਾ ਥੀਂ ਵਰਜ ਕੇ ਇਕ ਈਸ਼੍ਵਰ ਭਗਤੀ ਵਿੱਚ ਨਾਂ ਲਿਆ
ਜਾਂਦਾ ਉਸ ਵੇਲੇ ਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਾਰਣੀ
ਸੀ ਸੁਲਾਹ ਕੁਲ ਹੋਨ ਥੀਂ ਬਿਨਾਂ ਫਲਪ੍ਰਦਾਤਾ ਨਹੀਂ ਹੋ
ਸਕਦੀ ਸੀਅਤੇ ਜੋ ਘਿਨ ਹਿੰਦੂਆਂ ਨਾਲ ਮੁਸਲਮਾਨ ਰਖਦੇ
ਸੇ ਉਸ ਵਿੱਚ ਉਨਤੀ ਨਹੀਂ ਕਰ ਸਕਦੇ ਸੇ ਜੇਹਾਕੁ ਗੁਰੂ
ਨਾਨਕ ਦੇਵ ਜੀਨੇ ਈਸ਼੍ਵਰ ਭਗਤੀ ਦੀ ਬਾਤ ਨੂੰ ਸਾਹਮਣੇ
ਰਖਕੇ ਕੰਮ ਕਰਨਾ ਆਰੰਭ ਕਰ ਦਿੱਤਾ ਤੇ ਇਹੁ ਸੋਚ ਉਨ੍ਹਾਂ
ਦੀ ਬੜੀ ਹੀ ਫਲਦਾਇਕ ਹੋਈ ਉਨ੍ਹਾਂਦੀ ਸੁਲਾ ਕੁਲ ਹਿਕ-
ਮਤ ਅਮਲੀ ਤੇ ਈਸ਼੍ਵਰ ਭਗਤੀ ਥੀਂ ਹਿੰਦੂਆਂ ਨੇ ਭੀ ਲਾਭ
ਉਠਾਯਾ ਅਤੇ ਮੁਸਲਮਾਨਾਂ ਨੂੰ ਭੀ ਕੋਈ ਸਮਾਂ ਦਸ ਅਰੋਪਨ
ਦਾ ਨਾਂ ਲੱਭਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੀ ਹੀ
ਚਾਤੁਤਾਈ ਨਾਲ ਕੰਮ ਕੀਤਾ ਅਤੇ ਜਿਥੋਂ ਤੋੜੀ ਚਾਹੀਦਾ ਸੀ
ਹਿੰਦੂ ਮੁਸਲਮਾਨਾਂ ਨੂੰ ਇਕ ਪ੍ਰਮੇਸ਼੍ਵਰ ਵਲ ਲਾਯਾ ਇਸ ਵਿੱਚ
ਕੋਈ ਸੰਦੇਹ ਨਹੀ ਸੀ ਕਿ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਜੋ
ਬੜਾ ਭਾਰਾ ਵਿਰੋਧ ਮੁਦਤਾਂ ਥੀਂ ਲਗਾ ਆਉਂਦਾ ਸੀ ਓਹੁ
ਇਸ ਤ੍ਰਾਂ ਨਾਲ ਘਟ ਗਜਾ ਅਤੇ ਹਿੰਦੂਆਂ ਨੇ ਭੀ ਈਸ਼੍ਵਰ ਭਗਤੀ
ਵਲ ਧਿਆਂਨ ਕਰਕੇ ਬਹੁਤ ਕੁਛ ਉਦਮ ਕੀਤਾ ਜੋ ਇਸ
ਕਸ਼ਟ ਥੀਂ ਨਿਕਲ ਜਾਈਏ ਗੁਰੂ ਨਾਨਕ ਦੇਵ ਜੀਨੇ ਬੜੀ
ਅਧੀਨਗੀ ਤੇ ਸਹਿਲ ਤਰੀਕੇ ਨਾਲ ਹਿੰਦੂਆਂ ਦੇ ਸਭਨਾਂ
ਕੰਮਾਂ ਵਿੱਚ ਆਪਣੀ ਉਚ ਭਾਵਨਾਂ ਦ੍ਰਿੜਾਈ ਸੋ ਜੇਕਰ ਹਿੰਦੂ

ਅਕਾਲ ਪੁਰਖ ਦੇ ਪੂਜਨੇ ਦੇ ਬੰਦ ਕਰਦੇ ਸੇ ਅੰਤ ਸਮੇ ਸ੍ਰੀ ਗੁਰੂ ਨਾਨਕ ਦੇਵ ਜੀਨੇ ਆਪਣੇ ਪੁਤ੍ਰਾਂ ਨੂੰ ਜੋ ਗੱਦੀ ਦੀ ਯੋਗ ਨਹੀਂ ਸੇ ਤਿਆਗਕੇ ਸਮਾ ਗਏ ਏਸੇ ਤਰਾਂ ਗੁਰੂ ਅੰਗਦ ਦੇਵ ਜੀਨੇ ਭੀ ਆਪਣੀ ਸੰਤਾਂਨ ਨੂੰ ਜੋ ਯੋਗ ਨਹੀਂ ਸੀ ਤਿਆਗ ਕੇ ਆਪਣੇ ਸਿਖ ਗੁਰੂ ਅਮਰਦਾਸ ਜੀ ਖੱਤ੍ਰੀ ਸੋਢੀ ਨੂੰ ਆਪਣੀ ਜਗਾਂ ਪਰ ਬੈਠਾਯਾ ਆਖਦੇ ਹਨ ਕਿ ਗੁਰੂ ਅੰਗਦ ਦੇਵ ਜੀਨੇ ਗੁਰਮੁਖੀ ਅੱਖਰ ਬਨਾਏ ਹਨ ਪਰ ਇਹੁ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀਦੇ ਜੀਉਂਦੇ ਵੇਲੇ ਹੀ ਇਨ੍ਹਾਂ ਨੇ ਸੰਸਕ੍ਰਿਤ ਅੱਖਰਾਂ ਨੂੰ ਵਟਾਕੇ ਗੁਰਮੁਖੀ ਅੱਖਰਾਂ ਦੀ ਸੂਰਤ ਬਨਾਈ ਹੈ ॥

ਕੁਛ ਭੀ ਹੋਵੇ ਇਸ ਗਲ ਵਿੱਚ ਤਾਂ ਰੰਚਕ ਮਾਤ੍ਰ ਸੰਦੇਹ ਨਹੀਂ ਕਿ ਅੱਖਰ ਗੁਰੂ ਜੀਨੇ ਬਨਾਏ ਸੇ ਅਫਸੋਸ ਹੈ ਕਿ ਉਨ੍ਹਾਂ ਦੀ ਸੰਤਾਂਨ ਉਨ੍ਹਾਂਦੀ ਸਮਾਧ ਪਰ ਪੁਜਾਰੀ ਬਨਕੇ ਰੋਟੀਆਂ ਕਮਾਕੇ ਖਾਂਦੀ ਹੈ ॥

ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਿੱਖ ਬਨਨ, ਥੀਂ ਪਹਿਲੇ ਇਨ੍ਹਾਂਦੇ ਖ਼ਿਆਲ ਹਿੰਦੂ ਵਿਦਯਾ ਪਰ ਧਰਮ ਦੀ ਵਲ ਲੱਗੇ ਹੋਏ ਸਨ ਚੁਨਾਂਚਿ ੨੧ ਵਾਰੀ ਤੀਰਥ ਜਾਤ੍ਰਾ ਕੀ ਥੀ ੬੨ ਬਰਸ ਦੀ ਉਮਰ ਸੀ ਕਿ ਸੱਚਾ ਰਾਹੁ ਲਭਦੇ ਲਭਦੇ ਗੁਰੂ ਨਾਨਕ ਦੇਵ ਜੀ ਦੀ ਸਿਖਯਾਧਾਰੀ ਜੋ ਉਨ੍ਹਾਂਦੇ ਚਿੱਤ ਪਰ ਛਾਗਈ ਇਸ ਲਈ ਇਸ ਬੁਢਾਪੇ ਵਿਚ ਆਪਣੇ

ਸਭ ਪੁਰਾਨੇ ਪੌਰਾਨਕ ਖ੍ਯਾਲ ਛਡਕੇ ਸ੍ਰੀ ਗੁਰੂ ਅੰਗਦ ਦੇਵ ਜੀਦੇ ਸਿਖ ਬਣੇ ਅਜੇਹੀ ਗਲ ਫਰੀ ਕਿ ਬੁੱਢਾ ਬਾਲ ਹੋ ਸਕਦਾ ਹੈ ਓਹੁ ਅਜੇਹੇ ਸਚ ਗ੍ਰੈਹਨ ਵਿੱਚ ਪਰਪੱਕ ਹੋਗਏ ਕਿ ਲੋਕ ਲਾਜ ਆਦਿਕ ਨੂੰ ਤਿਆਗਕੇ ਸ਼ੀਘਰਹੀ ਸੱਚੇ ਧਰਮ ਨੂੰ ਗ੍ਰੈਹਨ ਕਰ ਲੀਤਾ ਤੇ ਪੁਰਾਨੇ ਖ਼ਿਆਲਾਂ ਨੂੰ ਚਟਪੱਟ ਹੀ ਵਿਸਾਰ ਦਿੱਤਾ ਅਜਕਲ ਦੇ ਸਮੇ ਨੂੰ ਗੁਰੂ ਅਮਰਦਾਸ ਜੀ ਦੇ ਇਸ ਕਰਮ ਥੀਂ ਸਿਖੜਾ ਲੈਣੀ ਚਾਹੀਦੀ ਹੈ ਕਿ ਸਚ ਗ੍ਰੈਹਨ ਕਰਨ ਸਮੇ ਕਦੇ ਭੀ ਨਹੀਂ ਸਮਝਨਾ ਚਾਹੀਏ ਕਿ ਹੁਣ ਚਿਰ ਹੋਗਿਆ ਹੈ ॥

ਇਨ੍ਹਾਂਨੇ ਬਾਰਾਂ ਵਰਹੇ ਤਕ ਗੁਰਾਂ ਦੀ ਓਹੁ ਸੇਵਾ ਕੀਤੀ ਜੋ ਵਾਨਾਂ ਪਾਸੋਂ ਅਸੰਭਵ ਹੈ ਆਪਣੇ ਭਰੋਸੇ ਪਰ ਪਰਪਕ ਤੇ ਪੀ ਤਪੀ ਸੇ ਉਮਰਾਂ ਦੇ ਬੁਢੇਸੇ ਪ੍ਰੰਤੂ ਕੰਮ ਕਾਰ ਵਿੱਚ ਭਰੂਆਂ ਨਾਲੋਂ ਤਕੜੇ ਸੇ ਸਦੀਵ ਖਿਆਲ ਹੋਵੇ ਹਾੜ ਹੋਵੇ ਜਾਇ ਬਿਆਸਾ ਥੀਂ ਜੋ ਤਿੰਨ ਚਾਰ ਕੋਹ ਦੂਰਸੀ ਗਾਗਰ ਣੀ ਦੀ ਅੰਮ੍ਰਿਤ ਸਮੇ ਲਿਆਕੇ ਗੁਰੂ ਅੰਗਦ ਦੇਵ ਜੀ ਨੂੰ ਸ਼ਨਾਂਨ ਕਰਵਾਉਂਦੇ ਹੁੰਦੇ ਸੇ ॥

ਰੂ ਨਾਨਕ ਦੇਵਜੀ ਦੀ ਗੱਦੀ ਪਰ ਬੈਠਕੇ ਗੁਰੂ ਨਾਨਕ ੂ ਜੀਦੇ ਮਤਅਨੁਸਾਰ ਚਲਦੇ ਚਲਾਉਂਦੇ ਰਹੇ ਜੇਹੜਾ ੀਕਾ ਪਹਿਲੇ ਦੋਹਾਂ ਗੁਰੂਆਂ ਨੇ ਅਰੰਭ ਕੀਤਾ ਸੀ ਉਸੇ ਦੇ ਸਾਰ ਹੀ ਚਲੇ ਤੇ ਲੰਗਰ ਜਾਰੀ ਕਰ ਰਖਿਆ ਸੀਜੋ

ਕੋਈ ਆਉਂਦਾ ਸੋ ਲੰਗਰੋਂ ਪ੍ਰਸ਼ਾਦ ਛੱਕਦਾ ਆਪ ਸੁੱਕੇ ਛੋਲੇ ਹੀ ਖਾਕੇ ਨਿਰਬਾਹੁ ਕਰਦੇ॥

ਇਨ੍ਹਾਂਦੇ ਸਮੇ ਵਿਖੇ ਗੁਰੂ ਨਾਨਕ ਦੇਵਜੀ ਦੀ ਸਿੱਖੀ ਬੜੀ ਪ੍ਰਚਾਰ ਹੁੰਦੀ ਰਹੀ ਤੇ ਬਹੁਤ ਵਧ ਗਈ ਕਈਆਂ ਰਾਜਿਆਂ ਨੇ ਭੀ ਇਨ੍ਹਾਂ ਦੀ ਸਿਖਯਾ ਥੀਂ ਲਾਭ ਉਠਾਯਾ ਤੇ ਸਿੱਖ ਬਨ ਗਏ ਗੁਰੂ ਨਾਨਕ ਦੇਵ ਜੀ ਦੀ ਸਚੀ ਸਿੱਖਯਾ ਰੂਪੀ ਬੇੜੇ ਦੇ ਮਲਾਹ ਪ੍ਰੇਮ ਭਾਉ ਤੇ ਉਨ੍ਹਾਂਦੀ ਉਮਰਾਂ ਦੀ ਵਡਿਆਈ ਇਹੁ ਅਜੇਹੀਆਂ ਗਲਾਂ ਸੇ ਕਿ ਗੁਰੂ ਨਾਨਕ ਦੇਵ ਜੀਦੇ ਖ਼ਿਆ-ਲਾਤ ਅਤਜੰਤ ਲੋਕਾਂ ਦੇ ਚਿੱਤਾਂ ਵਿਚ ਵਸਦੇ ਜਾਂਦੇ ਸੇ ਤੇ ਗੁਰੂ ਨਾਨਕ ਦੇਵਜੀਦੀ ਸਿੱਖਯਾ ਆਪਣੇ ਚਿੱਤ ਵਿਚ ਖੁਭੀ ਰਹੀਸੀ ਕਿਉਂਕਿ ਜ਼ਾਤੀ ਦੇ ਖਤ੍ਰੀ ਸੇ ਕਦੇ ਕਦੇ ਕਿਸੇ ਕਿਸੇ ਕੰਮ ਵਿੱਚ ਖੱਤ੍ਰੀਅਤ ਭੀ ਪ੍ਰਗਟ ਹੁੰਦੀ ਸੀ ਇਕ ਸ਼ਿਵਨਾਥ ਜੋਗੀ ਖਡੂਰ ਨਗਰ ਵਿਖੇ ਰਹਿੰਦਾ ਸੀ ਚਿਰ ਤਕ ਮੀਂਹ ਨਾ ਵਰਿਹਾ ਤਾਂ ਜ਼ਿਮੀਦਾਰ ਜੋਗੀ ਪਾਸ ਆਕੇ ਬੇਨਤੀ ਕਰਨ ਲਗੇ ਕਿ ਮੀਂਹ ਵਰਸਾਓ ਜੋਗੀਨੇ ਆਖਯਾ ਜਿਤਨਾਂ ਚਿਰ ਗੁਰੂ ਅੰਗਦ ਜੀ ਪਿੰਡ ਵਿੱਚ ਵਸਦੇ ਹਨ ਬਾਹਰ ਨਹੀਂ ਜਾਂਦੇ (ਕਿਉਂਕਿ ਧਰਮ ਵਿਰੋਧੀ ਸੀ ਤਦ ਤਕ ਮੀਂਹ ਨਹੀਂ ਵਰ੍ਹੇਗਾ ਜੱਟਾਂ ਨੇ ਗੁਰੂ ਅੰਗਦ ਜੀ ਨੂੰ ਜ਼ੋਰ ਨਾਲ ਕਿਹਾ ਤਾਂ ਗੁਰੂ ਜੀ ਬਾਹਰ ਚਲੇ ਗਏ ਪਰ ਮੀਂਹ ਫੇਰ ਭੀ ਨਾਂ ਵਰਿਹਾ ਫੇਰ ਕੁਛ ਚਿਰ ਮਗਰੋਂ ਲੋਕਾਂ ਨੇ ਗੁਰੂ ਅਮਰਦਾਸ ਨੂੰ ਆਖਿਆ ਕਿ ਬਾਰਸ਼

ਵਿੱਚ ਜੋਗੀ ਨੂੰ ਤੁਸੀ ਘਸੀਟੋਗੇ ਓਥੇ ਓਥੇ ਬਾਰਸ਼ ਹੋਵੇਗੀ ਇਹੁ ਸੁਣਕੇ ਜੱਟਾਂ ਨੇ ਸੋਈ ਕੰਮ ਕੀਤਾ ਭਾਵੇਂ ਇਸ ਵਿੱਚ ਬਦਲੇ ਦੀ ਗਲ ਪ੍ਰਤੀਤ ਹੁੰਦੀ ਸੀ ਪਰ ਜੇਕਰ ਗੁਰੂ ਨਾਨਕ ਦੇਵ ਜੀ ਯਾ ਗੁਰੂ ਅੰਗਦ ਦੇਵ ਜੀ ਹੁੰਦੇ ਤਾਂ ਜ਼ਰੂਰ ਜੋਗੀ ਨੂੰ ਖਿਮਾ ਕਰਦੇ ਪ੍ਰਗਟ ਹੁੰਦਾ ਹੈ ਕਿ ਜੋਗੀ ਨੇ ਬਹੁਤ ਹੀ ਵਿਰੁਧ ਕੰਮ ਕਰਨੇ ਆਰੰਭ ਕੀਤੇ ਹੋਏ ਸੇ ਨਹੀਂ ਤਾਂ ਗੁਰੂ ਅਮਰਦਾਸ ਜੀ ਪਾਸੋਂ ਇਹੁ ਗਲ ਨਹੀਂ ਹੋ ਸਕਨੀ ਸੀ ਪਰ ਕਿਉਂਕਿ ਗੁਰੂ ਜੀ ਉਸੇ ਸਮੇਂਦੇ ਜਾਣੀ ਜਾਣਸੇ ਐਨੇ ਚਿਰ ਦੀ ਗਲ ਬਾਬਤ ਸਾਨੂੰ ਕੁਛ ਪਤਾ ਨਹੀਂ ਕਿ ਕਿਸਤਰਾਂ ਸੀ ਇਹੁ ਗਲ ਠੀਕ ਸੀ ਕਿ ਅਯੋਗਸੀ ਓਹੀ ਉਸ ਸਮੇਂ ਦੀ ਨਾੜੀ ਨੂੰ ਪਛਾਨਦੇ ਸੇ ਤੇ ਰੋਗ ਨੂੰ ਚੰਗੀਤਰਾਂ ਜਾਣਦੇਸੇ ਗਲ ਕਾਹਦੀ ਸਮੇਂ ਅਨੁਸਾਰ ਜੋ ਕੀਤਾ ਸੋ ਠੀਕ ਹੀ ਕੀਤਾ ॥

ਇੱਕ ਵਡਾਸਾਰਾ ਕੰਮ ਜੋ ਗੁਰੂ ਅਮਰਦਾਸ ਜੀ ਨੇ ਕੀਤਾ ਸੀ ਸੋ ਉਨ੍ਹਾਂ ਦੀ ਅਤਯੰਤ ਹੀ ਉਪਮਾ ਯੋਗਸੀ ਓਹੁ ਇਹੁ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਵਡੇ ਪੁਤ੍ਰ ਸ੍ਰੀ ਚੰਦ ਜੀ ਨੇ ਪੰਥ ਉਦਾਸੀ ਦੀ ਨੀਵ ਰਖੀ ਤੇ ਇੱਕ ਨਵੀਨ ਫ਼ਿਰਕਾ ਉਤਪਤ ਕੀਤਾ ਸੀ ਤੇ ਉਸ ਉਦਾਸੀ ਧਰਮ ਨੂੰ ਗੁਰੂ ਨਾਨਕ ਦੇਵ ਜੀ ਨਾਲ ਮਿਲਾਉਂਦੇ ਸੇ ਤੇ ਲੋਕਾਂ ਦੇ ਚਿੱਤਾਂ ਵਿੱਚ ਇਹੁ ਖ਼ਿਆਲ ਪਸਰ ਗਿਆਸੀ ਕਿ ਇਹੁ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖੀ ਦਾ ਇੱਕ ਅੰਗ ਹੈ ਤੇ ਇਹੁ ਭੀ ਉਸੇ ਵਾਂਗੂੰ ਸੱਤਕਾਰ

ਕਰਨੇ ਯੋਗ ਹੈ ਜਿਥੋਂ ਤੀਕ ਸ੍ਰੀ ਗੁਰੂ ਅੰਗਦ ਜੀ ਤੇ ਉਨ੍ਹਾਂ ਦੀ ਸਿਖੀ ਪਰ ਇਹੁ ਦਸ਼ਾ ਦੇਖਕੇ ਸ੍ਰੀ ਗੁਰੂ ਅੰਗਦ ਦੇਵਜੀ ਆਪਣੇ ਗੁਰੂ ਜੀ ਦੀ ਅੰਸ ਜਾਣਕੇ ਅਦਬ ਕਰਦੇ ਤੇ ਚੁੱਪ ਕਰ ਰਹਿੰਦੇ ਤੇ ਸ੍ਰੀ ਚੰਦ ਜੀ ਦੀ ਵਿਰੋਧਤਾਈ ਨਾ ਕਰਨੀ ਚਾਹੁੰਦੇਸੇ ਪ੍ਰੰਤੂ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਹਾਲਤ ਨੂੰ ਗੁਰੂ ਨਾਨਕ ਦੇਵ ਜੀ ਦੀ ਸੱਚੀ ਸਿਖਜਾਦੇ ਵਿਰੁਧ ਪਾਯਾ ਤੇ ਸਚੀ ਸਿਖਜਾ ਨੂੰ ਫੇਰ ਡਰਵਾਲੇ ਸਮੇਂ ਵਿੱਚ ਦੇਖਕੇ ਨਾ ਰੈਹ ਸਕੇ ਪ੍ਰਗਟ ਹੀ ਇਸ ਬਾਤ ਨੂੰ ਵਿਦਤ ਕਰ ਦਿੱਤਾ ਕਿਉਂ ਦਾਸੀ ਮੱਤ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੱਚੀ ਸਿਖਜਾ ਨਾਲ ਕੋਈ ਵਾਸਤਾ ਨਹੀਂ ਹੈ ਸਿਖ ਧਰਮ ਬਿਲ ਕੁਲ ਵਖਰਾ ਹੈ ਤੇ ਹਿੰਦੂ ਮਤ ਦੇ ਸਭ ਫ਼ਿਰਕਿਆਂ ਦੇ ਲਈ ਇੱਕੋ ਜੇਹਾ ਹੈ ਓਹੁ ਖ਼ਾਲਸ ਕਿਸੀ ਬੰਧਨ ਯਾ ਮਿੱਲਤ ਅਥਵਾ ਧਰਮ ਥੀਂ ਅਡਰਾ ਹੈ ਵਰਣਾਸ਼੍ਰਮ ਥੀਂ ਵਖ ਹੈ ਅਤੇ ਸਚਾਈ ਪਰ ਚਲਦਾ ਹੈ ਜੋ ਸਾਰਾ ਸੰਸਾਰ ਜਾਣਦਾ ਹੈ ਇਸ ਤਰਾਂ ਨਾਲ ਇਨ੍ਹਾਂ ਨੇ ਸਿਖ ਧਰਮ ਨੂੰ ਉਦਾਸੀਆਂ ਨਾਲੋਂ ਵਖਰਾ ਕਰ ਦਿਖਾਯਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਜਾ ਨੂੰ ਸਦੀਵ ਦੇ ਲਈ ਬਚਾ ਲਿਆ ਨਹੀਂ ਤਾਂ ਗੁਰੂ ਨਾਨਕ ਦੇਵ ਜੀ ਦੀ ਸਿਖਜਾ ਭੀ ਇਕ ਫਿਰਕਾ ਧਿਆਨ ਕਰਕੇ ਦੂਸਰੇ ਫਿਰਕਿਆਂ ਦੇ ਵਾਂਗੂ ਸਮੇਂ ਦੇ ਪ੍ਰਭਾਵ ਕਰਕੇ ਨਸ਼ਟ ਹੋ ਜਾਂਦੀ ਇਨ੍ਹਾਂ ਨੇ ਸਤੀ ਦੀ ਰਸਮ ਨੂੰ ਝੂਠਾ ਕਰ ਦਿੱਤਾ ਤੇ ਕੂੜਾ

ਕਿਹਾ ਤੇ ਉਪਦੇਸ਼ ਕੀਤਾ ਕਿ ਸੱਚਾ ਸਤੀ ਹੋਣਾ ਇਹੀ ਹੈ ਜੋ ਪਤੀਦੇਤੇਗ਼ਮ ਦਰਦ ਤੇ ਦੁਖ ਦੇ ਸਮੇਂ ਸਦੀਵ ਸਾਥ ਰਹਿਕੇ ਸੇਵਾ ਕਰਨੀ ਤੇ ਆਪਣੇ ਆਪ ਨੂੰ ਕੁਛ ਨਾ ਜਾਣਨਾਂ ਇਉਂ ਸਤੀ ਹੋਈਦਾ ਹੈ ਤੇ ਅੱਗ ਵਿੱਚ ਸੜਕੇ ਸਤੀ ਨਹੀਂ ਬਣੀ ਦਾ ਇਸੇ ਤਰਾਂ ਮਿਠੀ ਰਸਨਾ ਦ੍ਵਾਰਾ ਉਪਦੇਸ਼ ਕਰਦੇ ਰਹੇ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਸਦੀਵ ਰਿਹਾ ਕਰਦੇ ਸੇ ਅਕਬਰ ਭੀ ਇਸ ਗੁਰੂ ਜੀਦੇ ਉਪਦੇਸ਼ਾਂ ਨੂੰ ਸੁਣਿਆ ਕਰਦਾ ਤੇ ਇਨ੍ਹਾਂ ਦੀ ਮੈਤ੍ਰਤਾਂ ਨੂੰ ਦੇਖਕੇ ਬੜਾ ਸਲਾਹਿਆ ਕਰਦਾ ਸੀ ਇਹੁ ਗੁਰੂ ਜੀ ਸੰਮਤ ੧੬੩੧ ਬਿਕ੍ਰਮੀ ਵਿਖੇ ਜੋਤੀ ਜੋਤ ਸਮਾ ਗਏ ਸੇ ਅਤੇ ਆਪਣੀ ਗਦੀ ਪਰ ਆਪ ਸ੍ਰੀ ਗੁਰੂ ਜੀ ਆਪਣੇ ਜਮਾਈ ਗੁਰੂ ਰਾਮਦਾਸ ਜੀ ਨੂੰ ਆਪਣੇ ਪੁਤ੍ਰਾਂ ਨਾਲੋਂ ਵਡਿਆਈ ਦੇਕੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਰ ਬੈਠਾ ਗਏ ॥

ਗੁਰੂ ਰਾਮਦਾਸ ਜੀ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਸੌਹਰੇ ਤੇ ਗੁਰੂ ਜੀ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਸੇ ਏਸੇ ਤਰਾਂ ਨਾਲ ਉਨ੍ਹਾਂਦੀ ਇਸਤ੍ਰੀ ਬੀਬੀ ਭਾਨੀ ਜੀ ਭੀ ਆਪਣੇ ਪਿਤਾ ਜੀ ਦੀ ਬੜੀ ਹੀ ਸੇਵਾ ਕਰਦੀ ਸੀ ਗੁਰੂ ਅਮਰਦਾਸ ਜੀ ਦੋਹਾਂ ਪਰ ਪ੍ਰਸੰਨ ਸਨ ਕੁਛ ਤਾਂ ਇਸ ਖ਼ਿਆਲ ਕਰਕੇ ਕਿ ਸੰਤਾਂਨ ਵਿਖੇ ਗੱਦੀ ਨਸ਼ੀਨ ਕਰਨੇ ਕਰਕੇ ਬਹੁਤ ਨੁਕਸਾਨ ਹੁੰਦੇ ਹੈਨ ਕੁਛ ਗੁਰੂ ਰਾਮਦਾਸ ਤੇ ਆਪਣੀ ਸਪੁਤ੍ਰੀ ਦੀ

ਅਤਜੰਤ ਸੇਵਾ ਦੇ ਕਾਰਨ ਬੜੇ ਪ੍ਰਸੰਨ ਹੋਕੇ ਗੱਦੀ ਗੁਰੂ ਨਾਨਕ ਦੇਵ ਜੀ ਦੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੇ ਦਿੱਤੀ ਜੋ ਛੇ ਸਾਲ ਦੇ ਲਗ ਭੱਗ ਗੱਦੀ ਪਰ ਰਹੇ ਅਕਬਰ ਨੇ ਨਾਂਹ ਕੀਤੀ ਅਤੇ ਫੇਰ ਸ੍ਰੀ ਅੰਮ੍ਰਿਤਸਰ ਤਾਲ ਪੁਟਾਕੇ ਅੰਮ੍ਰਿਤਸਰ ਨਾਮ ਰਖਿਆ ਜੋ ਹੁਣ ਤਕ ਸ੍ਰੀ ਅੰਮ੍ਰਿਤਸਰ ਪ੍ਰਗਟ ਹੈ ਬੜੀ ਵਧੀਕੀ ਇਸ ਗਲਦੀ ਹੈ ਕਿ ਗੁਰੂ ਰਾਮਦਾਸ ਜੀ ਭੀ ਗੁਰੂ ਨਾਨਕ ਦੇਵਜੀ ਦੀ ਅਨੁਸਾਰ ਰੀਤੀ ਪਰ ਚਲਦੇ ਰਹੇ ਤੇ ਓਹੀ ਉਦੇਸ਼ ਤੇ ਖ਼ਿਆਲ ਭਰੇ ਹੋਏ ਸੇ ਇਹੁ ਗੁਰੂ ਜੀ ਮਹੀਨੇ ਸਾਵਨ ਸੰਮਤ ੧੬੩੮ ਬਿਕ੍ਰਮੀ ਨੂੰ ਸਮਾਏ ਸੇ ॥

ਸ੍ਰੀ ਗੁਰੂ ਅਰਜਨ ਜੀ ਚੌਥੀ ਪਾਤਸ਼ਾਹੀ ਤਕ ਤਾਂ ਇਹੀ ਤ੍ਰੀਕਾ ਚਲਿਆ ਆਯਾ ਕਿ ਸੰਤਾਂਨ ਨੂੰ ਗੱਦੀ ਨਸ਼ੀਨ ਨਹੀਂ ਕਰਦੇ ਸੇ ਤੇ ਆਪਨੀ ਸੰਤਾਨ ਵਿੱਚ ਗੱਦੀ ਦੇਣ ਦੇ ਕਾਰਨ ਬਹੁਤ ਹਾਨੀਕਾਰਕ ਜਾਣਕੇ ਆਪਣੇ ਪੁਤ੍ਰਾਂ ਨੂੰ ਗੱਦੀ ਨਹੀਂ ਸੀ ਦਿਤੀ ਸਗੋਂ ਇੱਕ ਸਿਖ ਨੂੰ ਗੱਦੀ ਪਰ ਬੈਠਾ ਦਿਤਾ ਸੀ ਤਿਵੇਂ ਹੀ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀਨੇ ਭੀ ਗੁਰੂ ਨਾਨਕ ਦੇਵ ਜੀ ਵਾਂਗੂੰ ਹੀ ਚਾਲ ਚਲੀ ਅਤੇ ਆਪਣੀ ਸੰਤਾਂਨ ਨੂੰ ਖ਼ਾਲੀ ਰਹਿਨ ਦਿੱਤਾ ਅਤੇ ਗੱਦੀ ਪਰ ਸ੍ਰੀ ਗੁਰੂ ਰਾਮਦਾਸ ਜੀ ਬੈਠਾਏ ਅਰਥਾਤ ਜੋ ਇਸ ਗੱਦੀ ਦੇ ਯੋਗ ਸਿਖ ਜਾਣਦੇ ਉਸਨੂੰ ਬੈਠਾ ਦੇਂਦੇ ਰਹੇ

ਪਰ ਗੁਰੂਰਾਮਦਾਸ ਜੀਨੇ ਆਪਣੇ ਪੁਤ੍ਰਾਂ ਵਿਚੋਂ ਇਸ ਬਾਤਦੇ ਵਿਰੁਧ ਆਪਣੇ ਛੋਟੇ ਪੁਤ੍ਰ ਨੂੰ ਗੁਨਾਂ ਅਨੁਸਾਰ ਗਦੀ ਦੇ ਦਿੱਤੀ ਭਾਵੇਂ ਉਨ੍ਹਾਂਨੇ ਆਪਣੇ ਤਿੰਨਾਂ ਪੁਤ੍ਰਾਂ ਵਿੱਚੋਂ ਸਭ ਥੀਂ ਛੋਟੇ ਨੂੰ ਗੱਦੀ ਪਰ ਬੈਠਾਯਾ ਪ੍ਰੰਤੂ ਇਸ ਮੌਰੂਸੀ ਤ੍ਰੀਕੇ ਨਾਲ ਜੋ ਗੱਦੀ ਨਸ਼ੀਨੀ ਪਰ ਬੈਠਨ ਕਰਕੇ ਨੁਕਸਾਨ ਹੁੰਦੇ ਹਨ ਅਤੇ ਜਿਨਾਂ ਨੁਕਸਾਨਾਂ ਥੀਂ ਗੁਰੂ ਨਾਨਕ ਦੇਵ ਜੀ ਇਸ ਗੱਦੀ ਨੂੰ ਬਚਾਯਾ ਚਾਹੁੰਦੇ ਸੇ ਓਹੀ ਪ੍ਰਗਟਆਣ ਹੋਏ ਸੰਤਾਂਨ ਵਿੱਚ ਸਿਲਸਿਲਾ ਵਿਰਾਸਤ ਰਹਿਨੇ ਕਰਕੇ ਇਹੁ ਗਲ ਜ਼ਰੂਰੀ ਨਹੀਂ ਕਿ ਜਿਸ ਲਿਆਕਤ ਦਾ ਆਦਮੀ ਗੱਦੀ ਨਸ਼ੀਨ ਚਾਹੀਏ ਓਹੀ ਮਿਲੇ ਤਾਂ ਬੈਠਾਯਾ ਜਾਵੇ ਸਗੋਂ ਬਾਹਰੋਂ ਲਿਆਉਨ ਦੀ ਲੋੜ ਪੈਂਦੀ ਹੈ ਅਤੇ ਚੋਣ ਵਿਖੇ ਯੋਗ ਥੀਂ ਯੋਗ ਪੁਰਖ ਚੁਣਿਆ ਜਾਂਦਾਹੈ ਤੇ ਇਸਤਰਾਂ ਨਾਲ ਵਿਰੋਧਾ ਤੇ ਈਰਖਾ ਅਤੇ ਉਸਦਾ ਭਲੇ ਬੁਰੇ ਫਲਾਂ ਥੀਂ ਭੀ ਛੁਟਕਾਰਾ ਜਾਣਿਆ ਜਾਂਦਾ ਹੈ ਜੋ ਭਰਾਵਾਂ ਵਿਖੇ ਉਤਪਤ ਹੁੰਦਾ ਹੈ ਹਿੰਦ ਦੀ ਮਿੱਟੀ ਵਿੱਚ ਕੁਛ ਤਾਸੀਰ ਹੀ ਅਜੇਹੀ ਹੈ ਅਤੇ ਹਿੰਦੁਸਤਾਨ ਦੀ ਮਿੱਟੀ ਦਾਭੀ ਇਹੀ ਖਮੀਰ ਹੈ ਕਿ ਵਿਰੋਧਤਾਈ, ਸੜਨਾ, ਜਲਨਾ, ਤੇ ਸ੍ਵਾਰਥਤਾਈ ਹੈ ਭਰਾਵਾਂ ਨੂੰ ਦੇਖੋ ਤਾਂ ਇਸੇ ਵਿੱਚ ਡੁੱਬੇ ਹੋਏ ਮਿਤ੍ਰਾਂ ਵਲ ਧਿਆਨ ਕਰੋ ਤਾਂ ਏਸੇ ਹੀ ਪਰ ਚਲਦੇ ਹੈਨ ਪਜਾਰ ਤੇ ਮੈਤ੍ਰੀ ਦਾ ਨਾਮ ਤਕ ਭੀ ਨਹੀਂ ਹਰ ਇਕ ਬਾਤ ਪਰ ਝਗੜਾ ਤੇ ਫ਼ਸਾਦ ਭਾਵੇਂ ਭਲੇ ਪੁਰਖਾਂ ਵਡਿਆਂ ਦੀ

ਸੰਤਾਨ ਸੇ ਬੜੇ ਘਰਾਨੇ ਦੇ ਸਪੁਤ੍ਰ ਸੇ ਪ੍ਰੰਤੂ ਗੁਰੂ ਰਾਮਦਾਸ ਜੀ ਦੇ ਪੁਤ੍ਰਾਂ ਵਿੱਚ ਭੀ ਵਿਰੁੱਧਤਾ ਚਲ ਪਈ ਵਡੇ ਦੋ ਪੁਤ੍ਰਾਂ ਨੂੰ ਤਿਆਗਕੇ ਸਭ ਥੀਂ ਨਿੱਕੇ ਨੂੰ ਗੱਦੀ ਪਰ ਬੈਠਾਯਾ ਭਾਵੇਂ ਛੋਟਾ ਪੁਤ੍ਰ ਆਪਣੀ ਬੁਧ ਬਲ ਕਰਕੇ ਫਲਦਾ ਇਕ ਹੋਯਾ ਪ੍ਰੰਤੂ ਵਡੇ ਪੁਤ੍ਰ ਵਿਚ ਵਡਾ ਹੋਣਦਾ ਘਮੰਡ ਸੀ ਏਸ ਵਾਸਤੇ ਵਿਚਲੇ ਦਾ ਤਾਂ ਜੋ ਹਾਲ ਹੋਣਾ ਸੀ ਸੋ ਹੋਯਾ ਪਰ ਵਡੇ ਪੁਤ੍ਰ ਨੇ ਸਦੀਵ ਹੀ ਵਿਰੋਧਤਾਈ ਕਰਨੀ ਆਰੰਭ ਕੀਤੀ ਤੇ ਇਸ ਘਰ ਦੇ ਝਗੜੇ ਪੈਨ ਦਾ ਫਲ ਬੜਾ ਹੀ ਭੈੜਾ ਹੋਯਾ ਸ੍ਰੀ ਗੁਰੂ ਅਰਜਨ ਜੀ ਨੂੰ ਘਰਦੇ ਝਗੜਿਆਂ ਵਿੱਚ ਪੈਣਾ ਪਿਆ ਉਨ੍ਹਾਂਦੇ ਖ਼ਿਆਲ ਬਹੁਤ ਸਾਰੇ ਇਸ ਫ਼ਸਾਦ ਕਰਕੇ ਵਿਗੜੇ ਰਹੇ ਇਸ ਕਾਰਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਦੇਸ ਨੂੰ ਕੁਛ ਉਨਤੀ ਨਾਂ ਹੋਈ ਜਿਸ ਉੱਤੇ ਕਿ ਬੜਾ ਭਰੋਸਾ ਸੀ ਤੇ ਇਸ ਫ਼ਸਾਦ ਦਾ ਅਸਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਰਿਹਾ ਤੇ ਉਨ੍ਹਾਂ ਦਾ ਉਦੇਸ਼ ਉਨ੍ਹਾਂ ਦੀ ਜ਼ਿੰਦਗੀ ਵਿਚ ਉਤਨਾਂ ਫਲਦਾ ਇਕ ਨਾਂ ਹੋਯਾ ਜਿਤਨੀ ਕਿ ਲੋੜ ਸੀ ਯਾ ਜਿਤਨੀ ਕੁ ਗੁਰੂ ਸਾਹਿਬ ਜੀ ਦੀ ਮਰਜ਼ੀ ਸੀ ਕਿਉਂਕਿ ਸਿਖ ਉਸ ਦਰਜੇ ਤਕ ਤੇ ਉਸ ਸੀਮ ਤਕ ਤਿਆਰ ਨਹੀਂ ਸੇ ਜਿਤਨੇ ਕਿ ਉਸ ਸੂਰਤ ਵਿਚ ਹੁੰਦੇ ਕਿਉਂਕਿ ਜੋ ਇਸ ਵੇਲੇ ਤਕ ਸ੍ਰੀ ਗੁਰੂ ਜੀ ਘਰਦੇ ਝਗੜਿਆਂ ਵਿਚ ਨਾਂ ਫਸੇ ਹੁੰਦੇ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਘਰ ਦੇ ਬਖੇੜੇ ਰਹੇ ਤੇ ਗੁਰੂ ਗੋਬਿੰਦ

ਸਿੰਘ ਜੀ ਨੂੰ ਉਸ ਕੰਮ ਲਈ ਤਿਆਰ ਕੀਤਾ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਕਰਨਾ ਹੀ ਪਿਆ ਇਸ ਵਾਸਤੇ ਕਈ ਸਿਆਣੇ ਇਸ ਘਰ ਦੇ ਬਖੇੜੇ ਨੂੰ ਹੀ ਭਲੇ ਦੀਨੀਵ ਤੇ ਸਿਖ ਧਰਮ ਦੀ ਬਹਾਦੁਰੀ ਤੇ ਪੁਲੀਟੀਕਲ ਉੱਨਤੀ ਦਾ ਕਾਰਨ ਆਖਦੇ ਹਨ ਪਰ ਅਸਲ ਗਲ ਇਹੁ ਹੈ ਕਿ ਘਰਦੇ ਬਖੇੜਿਆਂ ਨੇ ਉਠਨ ਵਾਲੇ ਬੂਟੇ ਤੇ ਕੂੰਮਲੀਆਂ ਨੂੰ ਉਸ ਸੀਮਤਕਨਾਂ ਵਧਨ ਦਿੱਤਾ ਜਿਥੋਂ ਤਾਂਈ ਕਿ ਉਸਦੀ ਲੋੜ ਸੀ

ਪ੍ਰਿਥੀ ਚੰਦ ਦਾ ਵਿਰੋਧ ਸ੍ਰੀ ਗੁਰੂ ਅਰਜਨ ਦੇਵ ਨੂੰ ਗੱਦੀ ਮਿਲਦੇ ਸਾਰ ਉਸਦੇ ਵਡੇ ਭਰਾ ਪ੍ਰਿਥੀ ਚੰਦ ਨੇ ਮੁਸਲਮਾਨਾਂ ਨਾਲ ਮਿਲਕੇ ਉਨ੍ਹਾਂ ਨੂੰ ਦੁਖ ਕਸ਼ਟ ਦੇਣੇ ਆਰੰਭ ਕੀਤੇ ਅੰਮ੍ਰਿਤਸਰ ਦੇ ਨਮੂਨੇ ਉੱਤੇ ਪਿੰਡ ਹੇਹਰਾਂ ਵਿਖੇ ਤਾਲਾਬ ਅਤੇ ਮੰਦਰ ਬਨਵਾਯਾ ਪ੍ਰੰਤੂ ਓਹੁ ਕੰਮ ਅਧੂਰਾ ਹੀ ਰਿਹਾ ਕਿਉਂਕਿ ਪਿਤਾ ਜੀ ਦੇ ਵੇਲੇ ਥੀਂ ਇਹੀ ਕਾਰ ਬਾਰ ਧੰਧੇ ਸਭ ਕਰਦਾ ਹੁੰਦਾ ਸੀ ਇਸ ਵਾਸਤੇ ਬਾਹਰ ਦੇ ਸਿਖਾਂ ਦੀ ਆਮਦਨੀ ਇਸਨੇ ਬਹੁਤ ਸਾਰੀ ਰੋਕ ਲਈ ਅਤੇ ਸ੍ਰੀ ਗੁਰੂ ਅਰਜਨ ਜੀ ਦੀ ਆਮਦਨ ਘੱਟ ਦੀ ਗਈ ਤੇ ਲੰਗਰ ਦੇ ਕੰਮ ਵਿੱਚ ਕੁਛ ਹਰਜਾ ਹੋਯਾ ਇਥੋਂ ਤਕ ਹਾਨੀਆ ਗਈ ਕਿ ਕਦੇ ਕਦੇ ਭੁੱਜੇ ਹੋਏ ਛੋਲਿਆਂ ਦਾ ਹੀ ਲੰਗਰ ਵਰਤਦਾ ਭਾਈ ਗੁਰਦਾਸ ਜੀ ਜੋ ਬੜੇ ਸਿਦਕ ਭਰੋਸੇ ਵਾਲੇ ਸਿਖ ਸੇ ਇਸ ਸਮੇਂ ਨੂੰ ਦੇਖਕੇ ਇਨ੍ਹਾਂ ਨੂੰ ਖ਼ਾਸ ਧਿਆਨ ਦੇਣਾਂ ਪਿਆ ਤੇ ਉਨ੍ਹਾਂ ਨੇ ਬੜਾ ਹੀ

ਪ੍ਰਯਤਨ ਕਰਕੇ ਸਿਖਾਂ ਨੂੰ ਗੁਰੂਅਰਜਨ ਜੀ ਵਲ ਲਿਆਂਦਾ ਏਸੇ ਕਰਕੇ ਪੈਹਲੇ ਤ੍ਰੀਕੇ ਥੀਂ ਵਖਰਾ ਤਰੀਕਾ ਗੁਰੂ ਅਰਜਨ ਦੇਵ ਜੀ ਦੇ ਵੇਲੇ ਆਮਦਨੀ ਲਈ ਕਰਨਾ ਪਿਆ ਪੈਹਲੇ ਸਿੱਖਾਂ ਪਾਸੋਂ ਕੋਈ ਪੱਕੀ ਰਕਮ ਨਹੀਂ ਸੀ ਮਿਲਦੀ ਜੋ ਕਿਸੇ ਦਾ ਜੀ ਆਯਾ ਸੋ ਦੇ ਗਿਆ ਜਦੋਂ ਦਿਲ ਆਯਾ ਤਦੋਂ ਕੁਛ ਅਰਦਾਸ ਦੇਗਏ ਨਾਹੀਂ ਗਿਨਤੀ ਪ੍ਰਪਕ ਸੀ ਨਾਂਹੀ ਕੋਈ ਵਸੂਲ ਕਰਨ ਦਾ ਢੰਗ ਸੀ ਤੇ ਲੰਗਰ ਨੂੰ ਬੰਦ ਕਰਨਾਂ ਭੀ ਨਹੀਂ ਚਾਹੁੰਦੇ ਸੇ ਤੇ ਭਰਾ ਦੇ ਮੁਕਾਬਲੇ ਵਿੱਚ ਭੀ ਰੁਪਏ ਦੇ ਖਰਚ ਦੀ ਬੜੀ ਲੋੜ ਸੀ ਇਸ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਇਹੁ ਤਰੀਕਾ ਕਢਿਆ ਤੇ ਹਲਕੇ ਬੰਨ੍ਹ ਦਿੱਤੇ ਕਈ ਇਕ ਧਰਮਸਾਲਾ ਬਨਵਾਈਆਂ ਜੋ ਸਦੀਵ ਵਰ੍ਹੇ ਦੀ ਆਮਦਨ ਇੱਕਤ੍ਰ ਕਰਕੇ ਗੁਰੂ ਸਾਹਿਬ ਜੀ ਦੀ ਸੇਵਾ ਵਿਖੇ ਭੇਜਦੇ ਰਿਹਾ ਕਰਦੇ ਤੇ ਕਈ ਗਲਾਂ ਦੇ ਠੇਕੇ ਹੀ ਮੁਕਰਰ ਹੋਗਏ ਕਈ ਸਿਖ ਆਪ ਆਕੇ ਭੇਟਾ ਗੁਰਾਂਦੀ ਕਰਦੇ ਹੁੰਦੇ॥ ਇਸ ਆਮਦਨੀਦੇ ਬੰਦੋਬਸਤ ਨਾਲ ਆਮਦਨੀ ਦੇ ਵਧਾਉਨ ਦੀ ਭੀ ਬੜੀ ਲੋੜ ਸੀ ਏਸ ਕਰਕੇ ਥਾਂ ਥਾਂ ਪਰ ਧਰਮਸਾਲਾ ਬਨਵਾਈਆਂ ਗਈਆਂ ਤੇ ਇਸ ਤਰਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਯਾ ਦਾ ਭੀ ਪ੍ਰਚਾਰ ਬੜਾ ਹੋਗਿਆ ਦੂਰ ਦੂਰ ਦੇਸਾਂ ਦੇ ਲੋਕ ਸਿਖ ਬਨਦੇ ਗਏ ਪਸ਼ਾਵਰ ਤੇ ਕੰਧਾਰ ਤੀਕ ਸਿਖੀ ਸਾਰੇ ਦੇਸਾਂ ਦੇਸਾਂਤ੍ਰਾਂ ਵਿਖੇ ਪਸਰ ਗਈ ਤੇ ਸਿਖ

ਪੰਥ ਇਸ ਤਰਾਂ ਨਾਲ ਇੱਕ ਬਾਕਾਇਦਾ ਪ੍ਰਬੰਧ ਦੇ ਅੰਦਰ ਆ ਗਿਆ ਸੀ ਕਈ ਲੋਕੀ ਕਹਿੰਦੇ ਹਨ ਕਿ ਦੌਲਤ ਕੱਠੀ ਕਰਨ ਨੂੰ ਗੁਰੂ ਜੀ ਨੇ ਸੌਦਾਗਰੀ ਦਾ ਕੰਮ ਆਰੰਭ ਕੀਤਾ ਸੀ ਤੇ ਤੁਰਕਸਤਾਂਨ ਤਕ ਘੋੜੇ ਖਰੀਦਨ ਦਾ ਬਿਉਪਾਰ ਵਧਾਯਾ ਸੀ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸਥੀਂ ਵਧਕੇ ਗੁਰੂ ਅਰਜਨਦੇਵ ਜੀ ਨੇ ਅਪਣੇ ਵਡੇ ਗੁਰਾਂ ਦੀ ਬਾਣੀਤੇ ਉਪਦੇਸ਼ਾਂ ਨੂੰਇਕਤ੍ਰ ਕਰਕੇ ਗ੍ਰੰਥ ਸਾਹਿਬ ਜੀ ਇੱਕ ਪੁਸਤਕ ਬਨਾ ਦਿੱਤਾ ਕਿਉਂਕਿ ਉਪਦੇਸ਼ ਦਾ ਸਿਲਸਿਲਾ ਪਸਰਦਾ ਜਾਂਦਾ ਸੀ ਇਸ ਵਾਸਤੇ ਬਾਨੀ ਦੇ ਪੁਸਤਕ ਦੀ ਬੜੀ ਲੋੜ ਸੀ ਸੋ ਗੁਰੂ ਜੀਨੇ ਬੜੀ ਸ਼੍ਰਮ ਤੇ ਕਸ਼ਟ ਉਠਾਕੇ ਇਹ ਮਸਾਲਾ ਇੱਕਤ੍ਰ ਕੀਤਾ ਸੀ ਤੇ ਭਾਈ ਗੁਰਦਾਸ ਜੀ ਨੇ ਲਿਖਯਾ ਸੀ ਗੁਰੂ ਬਾਣੀ ਦੇ ਇੱਤ੍ਰ ਹੋਰ ਭੀ ਕਈ ਭਗਤਾਂ ਕਬੀਰ ਆਦਿਕ ਜੀ ਦੀ ਬਾਣੀ ਲਿਖੀ ਹੈ ਪਕ ਜਾਣਿਆ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਇੱਕ ਲਈ ਲਾਭ ਦਾਇਕ ਤੇ ਵਡਾ ਗ੍ਰੰਥ ਸਾਹਿਬ ਬਨਾਉਨ ਲਈ ਇਹੁ ਤ੍ਰੀਕਾ ਕੀਤਾ ਸੀ ਨਹੀਂ ਤਾਂ ਕਈ ਤਰਾਂ ਦਾ ਇਸ ਬਾਣੀ ਵਿੱਚ ਫ਼ਰਕ ਹੈ ਤੇ ਕਈ ਥਾਂਈ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੇ ਵਿਰੁਧ ਹੈ ਏਨਾਂ ਗੱਲਾਂ ਦਾ ਉਸ ਵੇਲੇ ਧਿਆਨ ਇਸ ਵਾਸਤੇ ਨਹੀਂ ਕੀਤਾ ਗਿਆ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪਾਸ ਹਰ ਭਾਂਤਦੇ

ਪੁਰਖਾਂ ਦੇ ਇਕੱਤ੍ਰ ਕਰਨ ਦੀ ਲੋੜ ਸੀ ਕਿਉਂਕਿ ਇਨ੍ਹਾਂ ਦਾ ਵਡਾ ਭਰਾ ਪ੍ਰਿਥੀਚੰਦ ਮੁਸਲਮਾਨਾਂ ਨਾਲ ਮਿਲਕੇ ਇਨ੍ਹਾਂ ਨੂੰ ਸਦੀਵ ਦੁਖ ਤੇ ਕਸ਼ਟ ਦੇਂਦਾ ਝਗੜੇ ਬਖੇੜੇ ਰਖਦਾ ਹੁੰਦਾ ਸੀ ਏਸ ਵਾਸਤੇ ਗੁਰੂ ਜੀ ਨੂੰ ਭੀ ਆਪਣਾ ਜਥਾ ਬਨਾਉਨ ਲਈ ਇਹੁ ਚਾਲ ਚਲਨੀ ਪਈ ਹੋਵੇਗੀ ਗਲ ਕਾਹਦੀ ਜੋ ਕੁਛ ਹੋਯਾ ਸੋ ਹੋਯਾ ਗੁਰੂ ਸਾਹਿਬ ਜੀਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਤੇ ਇਸਤਰਾਂ ਨਾਲ ਬੜੀ ਭਾਰੀ ਲੋੜ ਪੂਰੀ ਹੋਗਈ ਤੇ ਗੁਰੂ ਨਾਨਕ ਦੇਵ ਜੀ ਦੀ ਸਿਖੀ ਨੂੰ ਨਿਸ਼ਾਂਨ ਪਰ ਠੈਹਰਨ ਲਈ ਇਕਤ੍ਰ ਹੋਕੇ ਇਸ਼ਟ ਮੰਨਨ ਦੀ ਜਗਾ ਹੋਗਈ ਸੀ ਇਸਥੀਂ ਵਖਰੀ ਇੱਕ ਹੋਰ ਖ਼ਰਾਬੀ ਉਤਪਤ ਹੋਗਈ ਸੀ ਕਿ ਸਮਾਂ ਬੀਤੇ ਮਗਾਰੋਂ ਕਈ ਲੋਕਾਂ ਨੇ ਭਜਨ ਬਨਾਕੇ ਗੁਰੂ ਨਾਨਕ ਸਾਹਿਬ ਜੀ ਦਾ ਨਾਮੁ ਤੁਕਦੇ ਅੰਤ ਵਿੱਚ ਰਖ ਲੀਤਾ ਤੇ ਆਖਦੇ ਹਨ ਕਿ ਗੁਰੂ ਨਾਨਕ ਜੀ ਦਾ ਬਚਨ ਹੈ ਤੇ ਇਸਤਰਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਨਿਰੋਲ ਰਹਿਨਾਂ ਭੀ ਕਠਿਨ ਹੈਸੀ ਸਗੋਂ ਇਸਤਰਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਸਿਖਯਾ ਦੇ ਮਿਟ ਜਾਣਦੀ ਵਿਚਾਰ ਹੁੰਦੀ ਸੀ ਕੁਛ ਸਮੇਂ ਮਗਰੋਂ ਇਹੁ ਪਤਾ ਲਗਨਾ ਕਠਿਨ ਹੋ ਜਾਂਦਾ ਕਿ ਗੁਰੂ ਨਾਨਕ ਦੇਵ ਜੀ ਦਾ ਕਥਨ ਕੇਹੜਾ ਹੈ ਤੇ ਹੋਰ ਲੋਕਾਂ ਦਾ ਕਥਨ ਕੇਹੜਾ ਹੈ ਇਸ ਵਾਸਤੇ ਇਸ ਗੁਰੂ ਗ੍ਰੰਥ ਸਾਹਿਬ ਜੀ ਦੇ ਬਨਾਉਨ ਦੀ ਤੇ ਗੁਰੂ

ਅਰਜਨ ਦੇਵ ਜੀ ਨੂੰ ਜਿਲਦਬੰਦੀ ਕਰਨ ਦੀ ਲੋੜ ਪਈ ਇਸ ਬੀੜ ਦੇ ਬੰਨਨ ਕਰਕੇ ਨਾਂ ਕੇਵਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਹੀ ਬਚਾਯਾ ਸਗੋਂ ਹੋਰਨਾਂ ਧਰਮਾਂ ਵਾਲਿਆਂ ਵਿਰੋਧੀਆਂ ਦਾ ਮੂੰਹ ਬੰਦ ਕਰਨ ਲਈ ਬੜਾ ਸੁੰਦਰ ਢੰਗ ਕਰਕੇ ਤਿਆਰ ਕੀਤਾ ਜਿਸ ਕਰਕੇ ਕੌਮ ਨੂੰ ਸ੍ਰੀ ਗੁਰੂ ਅਰਜਨ ਦੇਵ ਜੀਦੇ ਬਹੁਤ ਹੀ ਧੰਨਵਾਦੀ ਹੋਣਾਂ ਚਾਹੀਦਾ ਹੈ ਇਹੁ ਕੰਮ ਗੁਰੂ ਜੀ ਦਾ ਬੜਾਹੀ ਪਵਿੱਤ੍ਰ, ਪੁਨੀਤ ਧਰਮ ਦਾ ਬਚਾਉਨ ਵਾਲਾ ਸੀ ਇਸੇ ਵਾਸਤੇ ਇਸਦੇ ਬਦਲੇ ਹੀਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬਲੀਦਾਂਨ ਕੀਤਾ ਸੀ ਤੇ ਆਪਨੀ ਜ਼ਿੰਦਗੀ ਨੂੰ ਇਕ ਧਾਰਮਕ ਹੋਮ ਵਿੱਚ ਜੋ ਜਗ ਸਮੇਂ ਹੁੰਦਾ ਹੈ ਆਹੂਤੀ ਪਾ ਦਿੱਤਾ ਜਿਸਦਾ ਵਰਨਨ ਅਗੇ ਹੋਵੇਗਾ ਇਨ੍ਹਾਂ ਨੇ ਹੀ ਲੰਮੀ ਨਦਰ ਨਾਲ ਭਵਾਨ ਦੇ ਸਮੇ ਲਈ ਵਿਚਾਰਕੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਣੀ ਵਧੀਕ ਕਰਨੋ ਬੰਦ ਕਰ ਦਿੱਤੀ ਤੇ ਇਸਦੀ ਪਵਿਤ੍ਰਤਾ ਤੇ ਵਡਿਆਈ ਤੇ ਖੂਬੀ ਨੂੰ ਖ਼ਰਾਬੀ ਹੋਣ ਥੀਂ ਬਚਾ ਲੀਤਾ ਨਹੀਂ ਤਾਂ ਸਮੇਂ ਦੇ ਅਨੁ-ਸਾਰ ਆਦਮੀਆਂ ਦੇ ਖ਼ਿਆਲ ਬਦਲ ਦੇ ਸ਼ਦਲ ਦੇ ਰਹਿੰਦੇ ਹਨ ਤੇ ਸਭ ਪੁਰਖਾਂ ਦੇ ਵਖੋ ਵਖਰੇ ਖ਼ਿਆਲ ਤੇ ਮਤ ਹੈਨ ਜੇ ਕਈ ਤਰਾਂ ਦੇ ਖ਼ਿਆਲ ਗੁਰੂ ਗ੍ਰੰਥ ਸਾਹਿਬ ਵਿੱਚ ਭਰੇ ਜਾਂਦੇ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਸਿਖਯਾ ਵਿਚ ਵਿਘਨ ਪੈ ਜਾਂਦਾ ਸੋ ਗੁਰੂ ਜੀਨੇ ਵਧਾਉਨ ਘਟਾਉਨ ਥੀਂ ਸਭ ਹੁਕਮ

ਬੰਦ ਕਰ ਦਿੱਤੇ ਤੇ ਆਪਣੀ ਮੋਹਰ ਲਾਕੇ ਭੋਗ ਪਾ ਦਿੱਤਾ ਜਿਸ ਕਰਕੇ ਕੋਈ ਵਧਾ ਘਟਾ ਨਾਂ ਸਕੇ ਏਸ ਤਰਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਜਗਾ ਵਰਗੇ ਅਸਥਾਨ ਪਰ ਅਸਥਾਪਨ ਕੀਤਾ ਤੇ ਆਪਣੀਆਂ ਲੋੜਾਂ ਨੂੰ ਪੂਰੀਆਂ ਕੀਤਾ ਤੇ ਇਸਦਾ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਿਆ ਮੇਰਾ ਇਹੁ ਕੋਈ ਪ੍ਰਯੋਜਨ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਕਾਬਲਾ ਹਿੰਦੂਆਂ ਦੀ ਦੂਸਰੀਆਂ ਕਿਤਾਬਾਂ ਨਾਲ ਕਰੀਏ ਤੇ ਇੱਕ ਨਾਲੋਂ ਦੂਜੇ ਨੂੰ ਭਲਾ ਕਹੀਏ ਸਗੋਂ ਮੇਰਾ ਪ੍ਰਯੋਜਨ ਤਾਂ ਇਹੀ ਹੈ ਕਿ ਸਮੇ ਦੀ ਲੋੜ ਪੂਰੀ ਕਰਨ ਲਈ ਇਹੀ ਪੁਸਤਕ ਬੜਾ ਸੁੰਦਰ ਯੋਗ ਹੈ ਏਸ ਦੀ ਬੜੀ ਲੋੜ ਸੀ ਇਸਦੇ ਹੋਣੇ ਕਰਕੇ ਗੁਰੂ ਨਾਨਕ ਦੇਵ ਜੀ ਦੀ ਸਿਖਯਾ ਬਾਣੀ ਅਜੇਹੀ ਬਚ ਗਈ ਕਿ ਹੁਣ ਕਿਸੇ ਦੀ ਮਜਾਲ ਨਹੀਂ ਜੋ ਘਟਾ ਵਧਾ ਸਕੇ ਕੋਈ ਡਰ ਹੀ ਨਹੀਂ ਰਿਹਾ ਭਾਈ ਗੁਰਦਾਸ ਜੀਨੇ ਕੁਛ ਪਵਿਤ੍ਰ ਬਾਣੀ ਰਚੀ ਸੀ ਜਿਸਨੂੰ ਓਹੁ ਚਾਹੁੰਦੇ ਸੇ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਾਈ ਜਾਵੇ ਪਰ ਕਿਉਂਕਿ ਉਸ ਵਿੱਚ ਜ਼ਰਾ ਤੇਜ਼ ਮਸਾਲਾ ਭਰਿਆ ਹੋਯਾ ਸੀ ਤੇ ਸੁਲਾਕੁਲ ਅਤੇ ਸ਼ਾਂਤੀ ਦੀ ਹਦ ਥੀਂ ਥੋੜੀ ਜੇਹੀ ਵਧੀ ਹੋਈ ਸੀ ਇਸ ਕਰਕੇ ਗੁਰੂ ਅਰਜਨ ਦੇਵ ਜੀਨੇ ਉਸਦੀ ਬਾਣੀ ਚੜ੍ਹਾਉਨ ਥੀਂ ਇਨਕਾਰ ਕੀਤਾ ਤੇ ਓੜਕ ਨੂੰ ਭਾਈ ਗੁਰਦਾਸ ਦਾ ਹਿਤ ਤੇ ਪ੍ਰੇਮ ਤੇ ਬੁਰਗੀ ਨੂੰ ਵੇਖਕੇ ਗੁਰੂ ਜੀ ਦਾ ਰਿਤ ਬਾਣੀ ਚੜ੍ਹਾਉਨ

ਲਈ ਤਿਆਰ ਹੋ ਗਿਆ ਪਰ ਭਾਈ ਜੀਨੇ ਆਪਣੇ ਆਪ ਦੀ ਬਾਣੀ ਨੂੰ ਤੇ ਆਪਨੂੰ ਇਸ ਗਲਦੇ ਯੋਗ ਨਾ ਜਾਤਾ ਕਿ ਓਹੁ ਗੁਰੂ ਜੀ ਦੀ ਬਾਨੀ ਦੇ ਤੁਲ ਚੜ੍ਹਾ ਦੇਵੇ ਇਸ ਵਾਸਤੇ ਭਾਈ ਗੁਰਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਪਰ ਤਾਂ ਨਾਂ ਚੜਾਈ ਗਈ ਪ੍ਰੰਤੂ ਸਿਖ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀਦੇ ਤੁਲਹੀ ਸਤਕਾਰ ਤੇ ਪਿਆਰ ਕਰਦੇ ਹਨ ਤੇ ਪੜਦੇ ਹਨ ਗੁਰੂ ਅਰਜਨ ਦੇਵ ਜੀ ਬੜੇ ਬੁਧਵਾਂਨ, ਚਾਤੁਸੇ ਏਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਚੰਗੀ ਤਰਾਂ ਸਮਝਦੇ ਸੇ ਸਗੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਤਾਤਪ੍ਰਜ ਸਮਝਨ ਵਾਲਾ ਪੈਹਲਾ ਇਹੀ ਗੁਰੂ ਸੀ ਸਗੋਂ ਗੁਰੂ ਅਰਜਨ ਦੇਵ ਜੀਨੇ ਦ੍ਰਿੜ ਵਿਸਵਾਸ ਲੋਕਾਂ ਦਾ ਕਰਵਾ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਹਰ ਸਮੇਂ ਤੇ ਹਰ ਤਰਾਂ ਕਰਕੇ ਫਲਦਾਇਕ ਹੈ ਤੇ ਅਨੁਸਾਰ ਹੈ ਏਸੇ ਗਲ ਨੂੰ ਲੈ ਕਰਕੇ ਇਨਾਂਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਵਧਾਯਾ ਤੇ ਬੜਾਹੀ ਪ੍ਰਚਾਰ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਧੀਂ ॥

ਸ੍ਰੀ ਅੰਮ੍ਰਿਤਸਰ ਜੀ ਦੀ ਨੀਉਂ ਰਖਨੀ ਸ੍ਰੀ ਅੰਮ੍ਰਿਤਸਰ ਦੇ ਤਲਾਬ ਦੀ ਇਮਾਰਤ ਦੀ ਨੀਉਂ ਰਖਕੇ ਫੇਰ ਸ਼ੈਹਰ ਦੀ ਆਬਾਦੀ ਲਈ ਉਦਮ ਕੀਤਾ ਅਤੇ ਸਿਖਾਂ ਦੇ ਲ਼ਈ ਇਸ ਜਗਾ ਨੂੰ ਇੱਕ ਨਿਸ਼ਾਨਾਂ ਬਨਾਕੇ ਏਥੇ ਸੁੰਦਰ ਮੰਦਰ ਬਨਾਯਾ

ਤੇ ਇਹੁ ਸ਼ੁਭ ਅਸਥਾਨ ਇਸ ਵਾਸਤੇ ਬਨਾਇਆ ਕਿ ਗਿਰਦ-ਨਵਾਹ ਦੇ ਲੋਕਾਂ ਨੂੰ ਇਹੁ ਖਿਚਕੇ ਮੈਤ੍ਰਤਾ ਤੇ ਭਾਈਬੰਦੀ ਪਿਆਰ ਨਾਲ ਇਸ ਮੰਦਰ ਵਿੱਚ ਇਕਤ੍ਰ ਕਰੇ ਸੋਈ ਝੌਂਪੜੀਆਂ ਥੋੜੇ ਮੁਲ ਵਾਲੀਆਂ ਤੇ ਭੈੜੀਆਂ ਹੁਣ ਇਕ ਬੜੀਆਂ ਸੁੰਦਰ ਬਨਕੇ ਬੜਾ ਭਾਰਾ ਤੀਰਥ ਬਨ ਗਈਆਂ ਹਨ ਇਸਥਾਂ ਸਭ ਸਿਖ ਪਵਿੱਤ੍ਰ ਅਸਥਾਨ ਜਾਣਕੇ ਦਰਸ਼ਨ ਕਰਨ ਆਉਂਦੇ ਤੇ ਭੇਟਾ ਚੜ੍ਹਾਉਂਦੇ ਹਨ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਓਹੁ ਅਧਿਭੁਤ ਨਿਸ਼ਾਨ ਬਨ ਗਿਆ ਹੈ ਕਿ ਬਹੁਤ ਹੀ ਪ੍ਰਸਿੱਧ ਹੋ ਗਿਆਹੈ ਪ੍ਰੰਤੂ ਸ਼ੋਕ ਹੈ ਕਿ ਭਾਈ ਪੂਜਾਰੀ ਬ੍ਰਾਹਮਣਾਂ ਵਰਗੇ ਰਾਹੁ ਪਰ ਚਲਕੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਉਦੇਸ਼ ਨੂੰ ਗਵਾਕੇ ਡੋਬ ਰਹੇ ਹਨ ਤੇ ਜੇਹੜਾ ਬ੍ਰਿਛ ਬੜੀ ਸ੍ਰਮ ਤੇ ਯਤਨ ਨਾਲ ਲਗਾਯਾਸੀ ਉਸਨੂੰ ਆਪਣੀ ਸ੍ਵਾਰਥਤਾਈ ਦੀ ਟਿੱਡੀ ਲਾਲਾਕੇ ਅਜੇਹਾ ਪੋਲਾ ਕਰ ਰਹੇ ਹਨ ਕਿ ਓਹੁ ਬ੍ਰਿਛ ਮੁਰਝਾਉਨ ਵਾਲਾ ਹੋ ਜਾਵੇਗਾ ਸਮੇਦੀ ਖੁਲੀ ਆਦਤ ਤੇ ਸੁਖ ਹਰ ਇਕ ਚੀਜ਼ ਦੇ ਘਟਾਂਉਨਦੀ ਤ੍ਰਫ਼ ਲਗ ਰਹੀ ਹੈ ਸੋ ਜੇਕਰ ਇਸਥੀਂ ਵਧਕੇ ਹੋਰ ਸਾਮਾਂਨ ਸੁਖਦੇ ਉਤਪਤ ਹੋ ਜਾਣਗੇ ਤਾਂ ਬੜਾਹੀ ਸ਼ੋਕ ਤੇ ਅਰਮਾਨਦਾ ਕਾਲ ਗਿਣਿਆ ਜਾਵੇਗਾ ॥

ਇਨ੍ਹਾਂ ਦੀ ਇਕ ਬੜੀ ਅਦਭੁਤ ਵਾਰਤਾ ਹੈ ਆਖਦੇ ਹਨ ਕਿ

ਇਨ੍ਹਾਂ ਦੇ ਸਮੇਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁਤ੍ਰ ਸ੍ਰੀ ਚੰਦ ਜੀ ਜੀਉਂਦੇ ਸੇ ਇਹੁ ਮਿਲਨ ਵਾਸਤੇ ਉਨ੍ਹਾਂ ਪਾਸ ਗਏ ਤਾਂ ਸ੍ਰੀ ਚੰਦ ਨੇ ਕਿਹਾ ਕਿ ਹੇ ਗੁਰੂ ਅਰਜਨ ਜੀ ਤੁਸਾਂ ਦਾੜ੍ਹੀ ਐਨੀ ਲੰਮੀ ਕਿਉਂ ਰਖੀਹੈ ਤਾਂ ਗੁਰੂ ਜੀਨੇ ਉਤ੍ਰ ਦਿੱਤਾ ਕਿ ਤੁਹਾਡੇ ਚਰਨਾਂ ਦੀ ਧੂੜੀ ਝਾੜਨ ਲਈ ਵਧਾਈ ਹੈ ॥

ਪ੍ਰਿਥੀਚੰਦ ਨੇ ਵਿਰੋਧ ਕਰਨਾ

ਭਾਵੇਂ ਸਿਖਾਂਨੇ ਬਚਨਾਂ ਦ੍ਵਾਰੇ ਯਾ ਕਰਮਾਂ ਦ੍ਵਾਰੇ ਸ੍ਰੀ ਗੁਰੂ ਅਰਜਨ ਦੇਵ ਜੀਨੂੰ ਆਪਣਾਂ ਗੁਰੂ ਮੰਨ ਹੀ ਲੀਤਾ ਸੀ ਤੇ ਗੁਰੂ ਅਰਜਨ ਦੇਵ ਜੀਨੇ ਆਪਣੀ ਸਿਖੀ ਨੂੰ ਸੁੰਦਰ ਢੰਗ ਪਰ ਭੀ ਲੈ ਆਂਦਾ ਸੀ ਤੇ ਇੰਤਜ਼ਾਮ ਠੀਕ ਠਾਕ ਕਰ ਲੀਤਾ ਸੀ ਪ੍ਰੰਤੂ ਪ੍ਰਿਥੀਚੰਦ ਦੇ ਦਿਲ ਵਿੱਚ ਵਿਰੋਧ ਦੀ ਅਗਨੀ ਸਦੀਵ ਪ੍ਰਜ੍ਵਲਤ ਰਹਿੰਦੀ ਸੀ ਜੋ ਓੜਕ ਨੂੰ ਉਸ ਹਮਨ ਕੁੰਡ ਵਿੱਚ ਜੋ ਸਮਾ ਤਿਆਰ ਕਰ ਰਿਹਾ ਸੀ ਕਪੂਰ ਵਰਗੀ ਹੋਈ ਤੇ ਹਮਨਕੁੰਡ ਨੂੰ ਅਜੇਹਾ ਭੜਕਾ ਦਿੱਤਾ ਕਿ ਪੈਹਲੀ ਆਹੁਤੀ ਉਸਦੇ ਛੋਟੇ ਭਾਈ, ਤੇ ਸਿਖਾਂ ਦੇ ਬੜੇ ਹੀ ਗੁਰੂ ਜੀਦੀ ਤੇ ਹਿੰਦੂਆਂਦੇ ਬੜੇ ਪਵਿਤ੍ਰ ਪੁਰਖ ਦੀ ਦੇਹ ਬਣੀ॥

ਪ੍ਰਿਥੀਚੰਦਦੇ ਰੋਜ਼ਦੇ ਸਜਰੇ ਝਗੜੇ ਫ਼ਸਾਦਦੇ ਕਰਨਦੇ ਕਾਰਨ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਨੂੰ ਛੱਡਕੇ ਕੁਛ ਸਮਾਂ ਤਰਨ ਤਾਰਨ ਜੀ ਜਾ ਰਹੇ ਓਥੇ ਭੀ ਤਲਾ ਬਨਵਾਯਾ ਤੇ ਵਸਦੀ ਨੂੰ ਵਧਾਯਾ ਫੇਰ ਜ਼ਿਲੇ ਜਾਲੰਧਰ ਵਿੱਚ ਜਾਕੇ ਇਕ ਨਗਰ ਕਰਤਾਰਪੁਰ ਵਸਾਯਾ ਤੇ ਏਧਰ ਓਧਰ ਸੱਤਨਾਮ

ਦਾ ਉਪਦੇਸ਼ ਦੇਂਦੇ ਰਹੇ ਫੇਰ ਵਡਾਲੀ ਕੁਛਕ ਸਮਾਂ ਬਿਤੀਤ ਕੀਤਾ ਇਸੇ ਥਾਂ ਗੁਰੂ ਹਰਿਗੋਬਿੰਦ ਸਾਹਿਬ ਜੀਨੇ ਔਤਾਰ ਧਾਰਿਆ ਇਸ ਗਲ ਥੀਂ ਪੇਹਲੇ ਝਗੜੇ ਫ਼ਸਾਦ ਹਟਾਉਨ ਲਈ ਗੁਰੂ ਅਰਜਨ ਦੇਵ ਜੀਨੇ ਪ੍ਰਿਥੀਚੰਦ ਦੇ ਪੁਤ੍ਰ ਮੇਹਰਬਾਨ ਨੂੰ ਆਪਨਾ ਪਾਲਕ ਬਨਾਯਾ ਹੋਯਾ ਸੀ ਸੋ ਅਜਤਕ ਤਾਂ ਪ੍ਰਿਥੀਚੰਦ ਦੀ ਆਸ ਜੀਉਂਦੀ ਸੀ ਪ੍ਰੰਤੂ ਸ੍ਰੀ ਹਰਗੋਬਿੰਦ ਜੀ ਦੇ ਉਤਪਤ ਹੋਣ ਕਰਕੇ ਓਹ ਸਭਹੀ ਆਸਾਂ ਜਾਂਦੀਆਂ ਰਹੀਆਂ ਇਸ ਕਰਕੇ ਵਿਰੋਧਤਾਈ ਦੀ ਅਗਨੀ ਸਗੋਂ ਭੜਕ ਉੱਠੀ ਪ੍ਰਿਥੀਚੰਦ ਨੇ ਮੁਸਲਮਾਨਾਂ ਨਾਲ ਮੇਲ ਮੁਲਾਕਾਤ ਕਰਕੇ ਗੁਰੂ ਅਰਜਨ ਦੇਵ ਜੀ ਨੂੰ ਦੁਖ ਦੇਣਾਂ ਆਰੰਭ ਕੀਤਾ ਬਾਦਸ਼ਾਹੁ ਅਕਬਰ ਤਕ ਝਗੜਾ ਗਿਆ ਪ੍ਰੰਤੂ ਉਸਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਪਿਤਾ ਗੁਰੂ ਜੀ ਗੱਦੀ ਦੇ ਗਏ ਹਨ ਮੈਂ ਕਿਸੀ ਭਾਂਤ ਕਰਕੇ ਇਨ੍ਹਾਂ ਨੂੰ ਬੇਦਖ਼ਲ ਨਹੀਂ ਕਰ ਸਕਦਾ ਫੇਰ ਪ੍ਰਿਥੀ ਚੰਦ ਨੇ ਨੰਦਲਾਲ ਬ੍ਰਾਹਮਨ ਰਸੋਈਏ ਦੇ ਰਾਹੀਂ ਗੁਰੂ ਅਰਜਨ ਦੇਵ ਤੇ ਉਨ੍ਹਾਂ ਦੇ ਪੁਤ੍ਰ ਹਰਗੋਬਿੰਦ ਜੀ ਨੂੰ ਜ਼ੈਹਰ ਦੇਕੇ ਮਾਰਨਾਂ ਤੇ ਖੁਰਾ ਖੋਜ ਮਿਟਾਉਨਾ ਚਾਹਿਆ ਪਰ ਪਤਾ ਲਗ ਗਿਆ ਤੇ ਸਿਖ ਪ੍ਰਿਥੀਚੰਦ ਦੀ ਇਹੁ ਕਰਤੂਤ ਦੇਖਕੇ ਬੜੇ ਗੁੱਸੇ ਹੋਗਏ ਓੜਕ ਨੂੰ ਫ਼ਸਾਦ ਦੂਰ ਕਰਾਉਨ ਲਈ ਸੁਲਾਹ ਕਰਾਈ ਗਈ ਤੇ ਗੁਰੂ ਗੱਦੀ ਗੁਰੂ ਅਰਜਨ ਦੇਵ

ਜੀ ਦੇ ਹਿੱਸੇ ਆਈ ਤੇ ਹੋਰ ਸਭ ਜਾਇਦਾਦ ਸੋਨਾ ਚਾਂਦੀ ਜਾਗੀਰ ਆਦਿਕਾਂ ਪ੍ਰਿਥੀਚੰਦ ਦੇ ਭਾਗ ਵਿਚ ਆਈਆਂ ਪ੍ਰੰਤੂ ਪ੍ਰਿਥੀਚੰਦ ਦੇ ਦੰਦ ਤਾਂ ਗੱਦੀ ਪਰ ਵਜ ਰਹੇ ਸੇ ਏਸ ਕਰਕੇ ਝਗੜਾ ਫ਼ੈਸਲਾ ਨਾ ਹੋਯਾ ਚੰਦੂ ਸ਼ਾਹੁ ਦੀਵਾਂਨ ਲਾਹੌਰ ਵਾਲੇ ਦੀ ਗੁਰੂ ਅਰਜਨ ਨਾਲ ਅਨਬਨ ਸੀ ਕਿਉਂਕਿ ਗੁਰੂ ਅਰਜਨ ਦੇਵ ਜੀਨੇ ਚੰਦੂਸ਼ਾਹ ਦੀ ਪੁਤ੍ਰੀ ਦਾ ਸਾਕ ਆਪਣੇ ਪੁਤ੍ਰ ਹਰਗੋਬਿੰਦ ਜੀ ਦੇ ਲਈ ਲੈਣਾਂ ਅੰਗੀਕਾਰ ਨਹੀਂ ਸੀ ਕੀਤਾ ਏਸ ਕਰਕੇ ਪ੍ਰਿਥੀਚੰਦ ਨੇ ਸਮਾਂ ਪਾਕੇ ਚੰਦੂਸ਼ਾਹ ਨੂੰ ਇਨਾਂਦੇ ਵੈਰੀ ਬਨਾਯਾ ਚੰਦੂਸ਼ਾਹੁ ਨੇ ਬੜਾ ਹੀ ਜ਼ੋਰ ਲਾਯਾ ਕਿ ਗੁਰੂ ਅਰਜਨ ਦੇਵ ਜੀ ਉਸਦੇ ਸੰਨ-ਬੰਧੀ ਬਨਨ ਤੇ ਉਸਦੀ ਪੁਤ੍ਰੀ ਨੂੰ ਅੰਗੀਕਾਰ ਕਰਨ ਪਰ ਗੁਰੂ ਜੀਨੇ ਨਾਂ ਮੰਨੀ ਕਿਉਂਕਿ ਓਹੁ ਦੀਵਾਨ ਇਕ ਵੇਰੀ ਗੁਰੂ ਜੀ ਨੂੰ ਬਹੁਤ ਕਠੋਰ ਬਚਨ ਹੰਕੜ ਵਿੱਚ ਆਕੇ ਕੈਹ ਚੁੱਕਾ ਸੀ ਕਿ 'ਇਟ ਚੁਬਾਰੇ ਮੋਰੀ ਲਾਈ' ਓੜਕ ਨੂੰ ਇਕ ਅਜੇਹਾ ਕਾਲ ਸਨਮੁਖਆਗਿਆ ਕਿ ਜਹਾਂਗੀਰ ਨੂੰ ਚੰਦੂਸ਼ਾਹੁ ਨੇ ਗੁਰਾਂ ਦਾ ਵੈਰੀ ਬਨਾ ਦਿੱਤਾ ਜਹਾਂਗੀਰ ਦਾ ਪੁਤ੍ਰ ਖ਼ੁਸਰੋ ਵਿਗੜਾ ਕਰਕੇ ਪੰਜਾਬ ਦੀ ਵਲ ਆਯਾ ਤੇ ਏਥੇ ਬੇਇਜ਼ਤੀ ਨਾਲ ਹਾਰ ਖਾਧੀ ਲੋਕ ਆਖਦੇ ਹਨ ਕਿ ਗੁਰੂ ਜੀਨੇ ਖ਼ੁਸਰੋ ਨੂੰ ਅਸੀਸ ਦਿੱਤੀ ਕਿ ਤੇਰੀ ਫ਼ਤੇ ਹੋਵੇਗੀ ਤੇ ਕੁਛ ਰੁਪਏ ਭੀ ਦਿੱਤੇ ਦੂਸਰੀ ਗਲ ਇਹੁ ਭੀ ਹੈਕਿ ਗੁਰੂ ਜੀ ਖ਼ੁਸਰੋ ਨਾਲ

ਮਿਲ ਗਏ ਹਨ ਇਹੁ ਗਲ ਹੋ ਸਕਦੀ ਹੈ ਚੰਦੂਸ਼ਾਹ ਦੀ ਦੁਸ਼ਮਨੀ ਤੇ ਪ੍ਰਿਥੀਚੰਦ ਦੀ ਵਿਰੋਧਤਾਈ ਦਾ ਉਪਚਾਰ ਗੁਰੂ ਜੀਨੇ ਇਹੁ ਸੋਚਿਆ ਹੋਵੇ ਕਿ ਓਹੁ ਟਿੱਕਾ ਗਦੀ ਦੇ ਨਾਲ ਮੇਲ ਜੋਲ ਰਖਨ ਤੇ ਆਪਨੇ ਪਾਸੇ ਨੂੰ ਪੱਕਾ ਕਰਨ ਭਾਵੇਂ ਕੁਛ ਹੀ ਹੋਯਾ ਹੋਵੇ ਚੰਦੂਸ਼ਾਹ ਨੂੰ ਵੱਟਾ ਲੈਣ ਦਾ ਸਮਾਂ ਮਿਲ ਗਿਆ ਤੇ ਉਸਨੇ ਜਹਾਂਗੀਰ ਨੂੰ ਗੁਰੂ ਸਾਹਿਬ ਦੇ ਵਿਰੁਧ ਭੁਖਲਾ ਦਿੱਤਾ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਕੈਦ ਕਰਕੇ ਚੰਦੂਸ਼ਾਹ ਦੇ ਸਪੁਰਦ ਕਰ ਦਿੱਤਾ ਤੇ ਚੰਦੂਸ਼ਾਹ ਨੇ ਗੁਰੂ ਜੀ ਦੇ ਪਵਿੱਤ੍ਰ ਪੁਨੀਤ ਸ਼ਰੀਰ ਨੂੰ ਦਰਯਾਇਰਾਵੀ ਦੇ ਪਾਨੀ ਦੇ ਰਾਂਹੀਉਸ ਅਗਨੀ ਕੁੰਡਦੀਅੱਗ ਵਿੱਚ ਪੈਹਲੀ· ਆਹੁਤੀ ਪਾਯਾ ਕਿ ਜਿਸ ਅਗਨੀ ਕੁੰਡ ਦੀ ਅੱਗ ਕਰਕੇ ਸਾਰੇ ਹੀ ਹਿੰਦੁਸਤਾਂਨ ਨੂੰ ਅੱਗ ਲਗ ਜਾਨੀਸੀ ਇਹੁ ਆਹੂਤੀ ਸੰਮਤ ੧੬੬੩ ਵਿੱਚ ਪੂਰਨ ਹੋਗਈ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਜਦ ਸੰਮਤ ੧੬੬੩ ਵਿਖੇ ਗੁਰੂ ਹਰਿ ਗੋਬਿੰਦ ਜੀ ਗੱਦੀ ਪਰ ਬੈਠੇ ਤਾਂ ਇਨ੍ਹਾਂ ਦੀ ਉਮਰ ੧੧ ਵਰਹੇ ਦੀ ਸੀ ਪਰ ਬੜੇ ਬੁਧਵਾਨ, ਸਮਝਵਾਲੇ ਸੇ ਆਪਣੇ ਪਿਤ੍ਰੀ ਦੀ ਜਾਂਨ ਦੀਆਹੂਤੀ ਨੂੰ ਉਸਕੁੰਡ ਵਿੱਚ ਜੋ ਧਾਰਮਕ ਕੁੰਡ ਉਤ ਪਤ ਹੋ ਰਿਹਾ ਸੀ ਦੇਖ ਚੁਕੇ ਸੇ ਭਾਵੀ ਪ੍ਰਬਲ ਹੈ ਕਿ ਜੋ ਤਦ- ਬੀਰਾਂ ਅਗਨੀ ਬੁਝਾਉਨ ਲਈ ਕਰਦੇ ਰਹੇ ਸੋਈ ਅਗਨੀ ਨੂੰ ਭੜਕਾਉਂਦੀਆਂ ਤੇ ਵਧਾਉਂਦੀਆਂ ਰਹੀਆਂ ਭਾਵੇਂ ਗੁਰੂ

ਅਰਜਨਦੇਵ ਜੀ ਦੀ ਇਸ ਬੇ ਕਿਰਕੀ ਤੇ ਬਿਨਾ ਦੋਸ਼ ਮੌਤ ਥੀਂ ਬਾਹਰੋਂ ਤਾਂ ਇੱਕ ਭਾਂਤ ਦਾ ਸ੍ਵਾਰਥੀ ਵਿਰੋਧ ਤੇ ਗੁੱਸਾ ਪੂਰਾ ਕੀਤਾ ਗਿਆ ਸੀ ਪ੍ਰੰਤੂ ਉਨ੍ਹਾਂ ਨੇ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹੀ ਤੇ ਸਿਖੀ ਰੀਤ ਨੂੰ ਚਲਾਯਾ ਤੇ ਆਮਦਨੀ ਆਦਿਕ ਦਾ ਪ੍ਰਬੰਧ ਕੀਤਾ ਜੋ ਲੰਮੀ ਨਦਰ ਵਾਲਿਆਂ ਨੂੰ ਖਟਕਨ ਲਗੇ ਸੇ ਇਸ ਵਾਸਤੇ ਗੁਰੂ ਅਰਜਨ ਦੇਵ ਜੀ ਦੇ ਮਾਰਨ ਕਰਕੇ ਓਹੁ ਅਗਨੀ ਜੋ ਧਾਰਮਕ ਦੇ ਕੁੰਡ ਵਿਚ ਸੁਲੱਗ ਰਹੀ ਸੀ ਭੜਕ ਹੀ ਉੱਠੀ ਗੁਰੂ ਹਰ-ਗੋਬਿੰਦ ਜੀ ਦੀ ਗੱਦੀ ਨਸ਼ੀਨੀ ਦੇ ਵਿਰੋਧ ਕਾਰਨਾਂ ਕਰਕੇ ਪ੍ਰਿਥੀਚੰਦ ਨੇ ਆਪਣੇ ਆਪਨੂੰ ਗੁਰੂ ਬਨਾਨਾ ਚਾਹਿਆ ਬਹੁਤੇਰਾ ਸ੍ਰਮ ਕੀਤਾ ਪ੍ਰੰਤੂ ਉਸ ਸਾਰੇ ਉੱਦਮ ਦਾ ਫਲ ਇਹੁ ਹੋਯਾ ਕਿ ਕੌਮੀਅਤ ਦੀ ਅਗਨੀ ਸਗੋਂ ਭਾਫਾਂ ਮਾਰਨ ਲਗ ਗਈ ਤੇ ਪ੍ਰਿਥੀਚੰਦ ਜੋ ਗੱਦੀ ਦੇ ਵਾਸਤੇ ਹਥ ਪੈਰ ਮਾਰ ਰਿਹਾ ਸੀ ਓਹੁ ਨਿਸਫਲ ਹੋਈ ਕਿਉਂਕਿ ਗੁਰੂ ਅਰ-ਜਨ ਦੇਵ ਜੀ ਦੀ ਕੁਰਬਾਨੀ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਵਿਰੁਧ ਹੋਣ ਦਾ ਦੋਸ਼ ਪ੍ਰਿਥੀਚੰਦ ਨੂੰ ਲਗਦਾ ਸੀ ਏਸ ਕਰਕੇ ਇਹੁ ਗਲ ਕਦ ਹੋ ਸਕਦੀ ਸੀ ਕਿ ਸਿਖ ਅਜੇਹੇ ਪੁਰਖ ਨੂੰ ਆਪਣਾਂ ਗੁਰੂ ਬਨਾ ਲੈਂਦੇ ॥

ਗੁਰੂ ਹਰਗੋਬਿੰਦ ਸਾਹਿਬ ਜੀ ਜਿਵੇਂ ਜਿਵੇਂ ਜੁਵਾਂਨ ਹੁੰਦੇ ਜਾਂਦੇ ਤਿਵੇਂ ਤਿਵੇਂ ਸਿਖ ਧਰਮ ਦੇ ਧਰਮੀ ਤੇ ਆਤਮਕ

ਗੁਰੂ ਹੋਣ ਦੀ ਸਾਮਰਥਤਾ ਵਧਾਈ ਜਾਂਦੇ ਸੇ ਤੇ ਇਸੇ ਤਰਾਂ ਆਪਣੇ ਪਿਤਾ ਦੇ ਬੇਦੋਸ਼ ਮਰ ਜਾਂਨ ਦਾ ਬਦਲਾ ਲੈਣ ਦਾ ਬਲ ਭੀ ਉੱਨਤੀ ਕਰਦਾ ਗਿਆ ਇਹੁ ਨੌਜੁਵਾਂਨ ਗੁਰੂ ਨਾਨਕ ਦੇਵ ਜੀ ਦੀ ਬਾਣੀ, ਸਿਖਜਾ ਥੀਂ ਪੂਰਾ ਵਾਕਫ਼ ਸੀ ਤੇ ਹਰ ਸਮੇਂ ਈਸ੍ਵਰ ਭਜਨ ਅਤੇ ਉਪਦੇਸ਼ ਵਿੱਚ ਲਗਾ ਰਿਹਾ ਕਰਦਾ ਸੀ ਤੇ ਨਾਲੋਂ ਨਾਲ ਹੀ ਪੈਹਲਵਾਨੀ ਦਾ ਕਰਤਬ ਭੀ ਸ੍ਵਾਰੀ, ਤੀਰਅੰਦਾਜ਼ੀ, ਨੇਜ਼ਾਬਾਜ਼ੀ, ਜੰਗੀ ਕਰਤਬਾਂ ਨੂੰ ਬੜੇ ਸ਼ੌਕ ਨਾਲ ਸਿਖਦਾ ਰਿਹਾ ਅਜ ਤਕ ਤਾਂ ਗੁਰੂ ਨਾਨਕ ਦੇਵ ਜੀ ਦੀ ਸਿਖਜਾ ਬਾਨੀ ਕੇਵਲ ਧਾਰਮਕ, ਤੇ ਆਤਮਕ ਸੀ ਤੇ ਪੈਹਲੇ ਗੁਰੂਆਂ ਦਾ ਤਾਤਪਰਜ ਕੇਵਲ ਆਤਮਕ ਤੇ ਧਰਮ ਉਨਤੀ ਦੇ ਕਰਨ ਦਾਹੀ ਸੀ ਪ੍ਰੰਤੂ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਧਿਆਂਨ ਸਰੀਰਕ ਬਲ, ਸੰਸਾਰਕ ਉਨਤੀ, ਵਲ ਭੀ ਹੋਗਿਆ ਸੀ ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਨਾਨਕ ਦੇਵ ਜੀ ਦੀ ਸਿਖਜਾ ਧਰਤੀ ਪਰ ਸੰਸਾਰਕ ਉਨਤੀ ਤੇ ਪੁਲੀਟੀਕਲ ਵਡਿਆਈ ਹਾਸਲ ਕਰਨ ਵਿੱਚ ਮੌਜੂਦ ਸੀ ਜਿਸਨੇ ਸਮੇਂ ਅਨੁਸਾਰ ਪਾਣੀ ਲੈਕੇ ਉਗਨਾਂ ਸੀ ਇਸ ਕਰਕੇ ਇਸ ਵਿਖੇ ਜੋ ਗੁਰੂ ਨਾਨਕ ਦੇਵ ਜੀ ਦੀ ਸਿਖਜਾ ਸੀ ਉਸਨੂੰ ਗੁਰੂ ਅਰਜਨ ਦੇਵ ਜੀਨੇ ਵਧਾਯਾ ਗੁਰੂ ਹਰਿਗੋਬਿੰਦ ਜੀਨੇ ਬਹੁਤ ਫੈਲਾ ਦਿੱਤਾ ਤੇ ਪੁਲੀਟੀਕਲ ਉੱਨਤੀ ਦਾ ਆਰੰਭ ਸਿਖ ਧਰਮ ਵਿੱਚ ਸ਼ੁਰੂ ਕਰ ਦਿੱਤਾ

ਸ੍ਰੀ ਗੁਰੂ ਹਰਿਗੋਬਿੰਦ ਜੀ ਕੁਦਰਤੀ ਤਬੀਅਤ ਥੀਂ ਵਧਕੇ ਬਹਾਦੁਰ ਤੇ ਸਾਹਿਬ ਹਿੰਮਤ ਸੇ ਜੁਵਾਂਨ, ਬੜੇ ਲੰਬੇ, ਤੇ ਮਰਦਾਨੇ ਸ਼ੁਗਲਾਂ ਦੇ ਅਤੇ ਸ਼ਿਕਾਰ ਸਵਾਰੀ ਦੇ ਬੜੇ ਪਿਆਰੇ ਸੇ ਕੁਛਕ ਆਪਣੇ ਚਿਤ ਵਿਖੇ ਆਪਣੇ ਪਿਤਾ ਗੁਰੂ ਜੀ ਦੇ ਬਲੀ ਹੋਣਦਾ ਰੰਜ ਹਰ ਸਮੇਂ ਚਿਤ ਵਿੱਚ ਸਮਾਯਾ ਰਹਿੰਦਾ ਸੀ ਤੇ ਬਦਲਾ ਲੈਣ ਲਈ ਅੰਗ ਬਲਕੇ ਉੱਠਦੀ ਸੀ ਤੇ ਹਿੰਮਤ ਹੌਂਸਲਾ ਚਿਤ ਨੂੰ ਉਭਾਰਦਾ ਸੀ ਕਿ ਉਠੋ ਹਿੰਮਤ ਕਰੋ ਖਤ੍ਰੀ ਧਰਮ ਛਡਨ ਕਰਕੇ ਜੋ ਕਸ਼ਟ ਹਿੰਦੂਆਂ ਪਰ ਤੇ ਹਿੰਦੂ ਧਰਮ ਪਰ ਆਏ ਹਨ ਉਸ ਧਰਮ ਨੂੰ ਫੇਰ ਗ੍ਰੈਹਨ ਕਰਕੇ ਆਪਣੇ ਧਰਮ ਤੇ ਦੇਸ਼ੀ ਭਰਾਂਵਾਂ ਦੇ ਬਚਾਉਨ ਦੀ ਹਿੰਮਤ ਕਰੋ ਕਿਉਂਕਿ ਹਿੰਦੂਆਂ ਦੇ ਧਰਮ ਸ਼ਾਸਤ੍ਰ ਇਹੁ ਸਿਖ੍ਯਾ ਦੇਂਦੇ ਹਨ ਕਿ ਆਪੋ ਆਪਣੇ ਦੇਸ਼ ਤੇ ਆਪਣੇ ਧਰਮ ਨੂੰ ਬਚਾਉਨ ਲਈ ਖਤ੍ਰੀਆਂ ਦਾ ਧਰਮ ਹੈ ਅਰ ਤਲਵਾਰ ਪਕੜਕੇ ਜੁੱਧ ਕਰਨ ਪ੍ਰੰਤੂ ਇਸ ਧਰਮ ਨੂੰ ਹਿੰਦੂ ਚਿਰ ਥੀਂ ਮੁਸਲਮਾਨੀ ਬਾਦਸ਼ਾਹਤ ਦੇ ਕਾਰਨ ਤੇ ਜੰਗ ਕਰਕੇ ਹਾਰ ਜਾਣ ਦੇ ਕਾਰਨ ਭੁਲ ਗਏ ਸੇ ਇਸੇ ਕਰਕੇ ਕਸ਼ਟ ਭੀ ਸਹਾਰਦੇ ਸੇ ਭਾਵੇਂ ਹਿੰਦੂਆਂ ਵਿੱਚ ਆਪਣੇ ਧਰਮ ਵਿਰੁਧ, ਤੇ ਦੇਸ਼ ਦੇ ਮੁਕਾਬਲੇ ਵਿੱਚ ਤਲਵਾਰ ਚਲਾਉਨੀ ਪਵਿਤ੍ਰ ਗਿਣੀ ਜਾਂਦੀ ਸੀ ਪ੍ਰੰਤੂ ਇਸਲਾਮ ਦੇ ਜ਼ੋਰਾਵਰ ਹਥਾਂ ਨੇ ਆਪਸ ਵਿਚ ਵਿਰੋਧ, ਤੇ ਮਿਤ੍ਰਤਾ ਨਾਂ

ਰੋਲ ਦੇ ਕਾਰਨ ਖਤ੍ਰਤਾਂ ਧਰਮ ਨੂੰ ਉਨ੍ਹਾਂਦੇ ਬਚਾਉ ਬਲ ਥੀਂ ਨਿਸ਼ਟ ਕਰ ਦਿੱਤਾ ਸੀ ਤੇ ਇਹੁ ਸਿਖਜਾ ਚੁਪਦੇ ਬੰਧਨ ਵਿੱਚ ਬੰਦ ਸੀ ਜਿਸਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫੇਰ ਯਾਦ ਕਰਾਉਨ ਦਾ ਬੀੜਾ ਚੁਕਿਆ ਜਿਵੇਂ ਗੁਰੂ ਨਾਨਕ ਦੇਵ ਜੀਨੇ ਕੇਵਲ ਈਸ੍ਵਰ ਭਗਤੀ ਵਿਖੇ ਲੋਕਾਂ ਨੂੰ ਲਾਕੇ ਵੈਦਕ ਧਰਮ ਦੇ ਵਿਰੁਧ ਪਸਰੀ ਹੋਈ ਅਸ੍ਵੱਜਾ ਨੂੰ ਉਠਾ-ਉਨਦਾ ਬੀੜਾ ਚੁਕਿਆ ਸੀ ਤਿਵੇਂ ਇਨ੍ਹਾਂ ਨੇ ਭੀ ਬੀੜਾ ਉਠਾਯਾ ਗਲਕਾਹਦੀ ਸਮੇਂ ਦੀ ਲੋੜ ਤੇ ਸਮੇਂ ਤੇ ਫਿਤਰਤੀ ਸੁਭਾਵ ਨੇ ਗੁਰੂ ਜੀ ਨੂੰ ਉਛਾਲੀ ਦਿੱਤੀ ਜੋ ਓੜਕ ਨੂੰ ਗੁਰੂ ਹਰਿਗੋਬਿੰਦ ਜੀ ਦੋਹਾਂ ਹੀ ਗਲਾਂ ਦੇ ਆਤਮਕ ਤੇ ਸੰਸਾਰਕ ਵਿਵਹਾਰਾਂ ਵਿਖੇ ਗੁਰੂ ਬਨਗਏ ॥

<u>ਗੁਰੂ ਹਰਗੋਬਿੰਦ ਜੀ ਦਾ ਸ਼ਿਕਾਰ ਖੇਡਨਾ</u> ਭਾਵੇਂ ਗੁਰੂ ਨਾਨਕ ਦੇਵ ਜੀ ਖਤ੍ਰੀਆਂ ਦੇ ਸ਼ਿਕਾਰ ਨੂੰ ਮੰਨਨ ਵਾਲੇ ਸੇ ਪ੍ਰੰਤੂ ਓਹੁ ਈਸ੍ਵਰ ਭਜਨ ਵਿਖੇ ਅਜੇਹੇ ਲਗੇ ਹੋਏ ਸੇ ਕਿ ਕਦੇ ਭੀ ਆਪ ਸ਼ਿਕਾਰ ਵਲ ਧਿਆਨ ਨਾਂ ਕਰਦੇ ਤਿਨਾਂਦੇ ਮਗਰੋਂ ਭੀ ਚਾਰ ਗੁਰੂ ਉਨ੍ਹਾਂਦੀ ਰੀਤੀ ਅਨੁਸਾਰ ਚਲੇ ਆਏ ਪ੍ਰੰਤੂ ਗੁਰੂ ਹਰਿਗੋਬਿੰਦ ਜੀ ਨੇ ਖਤ੍ਰੀ ਬਲ ਧਾਰਨ ਕਰਨ ਨਾਲ ਹੀ ਸ਼ਿਕਾਰ ਖੇਡਨਾ, ਤੇ ਮਹਾਂ ਪ੍ਰਸ਼ਾਦ ਛਕਨਾਂ ਆਰੰਭ ਕਰ ਲੀਤਾ ਅਤੇ ਸ਼ਿਕਾਰ ਇਕ ਸ਼ੁਗ਼ਲ ਬਨਾ ਲੀਤਾ ਸਿਖ ਭੀ ਸ਼ਿਕਾਰ ਖੇਡਦੇ ਤੇ ਮਹਾਪ੍ਰਸ਼ਾਦਿ ਛਕਦੇ ਗੁਰੂ ਜੀ ਦੀ ਬ੍ਰਿਤੀ

ਸੈਰ ਸ਼ਿਕਾਰ ਤੇ ਮਰਦਾਨਾ ਖੇਡਾਂ ਵਿੱਚ ਬੜੀ ਰੁਚੀ ਰਹਿੰਦੀ ਕਈ ਕਵੀਸ਼ਰ ਇਹੁ ਲਿਖਦੇ ਹਨ ਕਿ ਨੌਜੁਵਾਨ, ਤੇ ਸੂਰਮੇ ਹੋਣ ਦੇ ਕਾਰਨ ਅਤੇ ਧਰਮੀ ਗੁਰੂ ਹੋਨ ਦੇ ਨਾਲ ਹੀ ਗੁਰੂ ਜੀਦੇ ਚਿਤ ਵਿੱਚ ਬਾਦਸ਼ਾਹੀ ਵਿਚਾਰਾਂ ਸਮਾਈਆਂ ਹੋਈਆਂ ਸਨ ਅਤੇ ਸ੍ਵੈਧੀਨ ਹੋਕੇ ਹਕੂਮਤ ਦੀ ਇਛਾ ਰਖਦੇ ਸੇ ਖ਼ਬਰੇ ਅਜੇਹੀ ਹੀ ਹੋਵੇ ਪਰ ਅਸੀ ਗੁਜ਼ਰ ਚੁੱਕੇ ਪੁਰਾਨੇ ਸਮੇਂ ਦੀ ਬਾਬਤ ਕੀਹ ਆਖ ਸਕਦੇ ਹਾਂ ਕਿ ਸਚ ਸੀ ਯਾ ਝੂਠ ਸੀ ਪਰ ਬੁਧ ਨਹੀਂ ਮੰਨਦੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਜੇਹੀ ਥੋੜੀ ਫ਼ੌਜ ਤੇ ਅਸਬਾਬ ਸਾਮਾਂਨ ਪਰ ਇਹੁ ਦਿਲ ਵਿੱਚ ਖ਼ਿਆਲ ਆਯਾ ਹੋਵੇ ਕਿ ਓਹੁ ਸ੍ਵੈਅਧੀਨਤਾ ਦੀ ਧੁਨ ਵਿੱਚ ਹੋਣ ਪਰ ਅਜੇਹੇ ਨੌਜੁਵਾਂਨ ਦੇ ਦਿਲ ਵਿਚ ਜਿਸਦੇ ਪਿਤਾ ਨੂੰ ਜ਼ਾਲਮਾਂ ਨੇ ਬੇਦਰਦੀ ਨਾਲ ਤੇ ਬੇਗੁਨਾਹ ਮਾਰਿਆ ਹੋਵੇ ਜਿਸਦੇ ਚਿਤ ਵਿੱਚ ਬਦਲਾ ਲੈਣ ਦੀ ਅੱਗ ਹਰ ਸਮੇਂ ਭੜਕਦੀ ਰਹਿੰਦੀ ਹੋਵੇ, ਫੇਰ ਕੁਦਰਤੀ ਜੁਵਾਨੀ, ਤੇ ਸੂਰਮ ਤਾਦਾ ਲਹੂ ਜਿਸਦੇ ਦਿਲ ਵਿੱਚ ਉਬਲਦਾ ਹੋਵੇ ਜੇਕਰ ਉਸਦੇ ਚਿਤ ਵਿੱਚ ਇਹੁ ਖ਼ਿਆਲ ਆ ਜਾਵੇ ਕਿ ਓਹੁ ਸਮਾਂ ਤੇ ਬਲ ਇੱਕਤ੍ਰ ਕਰਕੇ ਬਦਲਾ ਲਵੇ ਯਾ ਆਪਣੇ ਵੈਰੀਆਂ ਥੀਂ ਬਚਾਉ ਲਈ ਆਪਣੇ ਪਾਸ ਆਪਣੀ ਸਿਖੀ ਨੂੰ ਸਿਪਾਹੀ ਵਜ਼ਾ ਬਨਾਕੇ ਜਮਾ ਕਰੇ ਤਾਂ ਕੋਈ ਅਸ਼ਚਰਜ ਨਹੀਂ ਹੈ ਪ੍ਰੰਤੂ ਬਾਦਸ਼ਾਹੀ ਦੇ ਖ਼ਿਆਲਾਤ ਦਾ ਹੋਣਾ ਬੁਧ ਨਹੀਂ ਮੰਨਦੀ ਭਲਾ

ਔਖੇ ਸੌਖੇ ਜੇਕਰ ਉਨ੍ਹਾਂਦੇ ਚਿੱਤ ਵਿੱਚ ਇਹੁ ਉਮੰਗ ਭੀ ਹੋਵੇ ਕਿ ਓਹੁ ਸ੍ਵਾਧੀਨ ਹੋਕੇ ਹਕੂਮਤ ਕਰੇ ਤਾਂ ਉਸ ਵਿੱਚ ਕੇਹੜੀ ਬੁਰੀ ਬਾਤ ਸੀ ਤੇ ਕਿਉਂ ਨੁਕਤਾ ਚੀਨੀ ਕੀਤੀ ਜਾਵੇ ਅਜੇਹੀ ਔਖੀ ਬੈਹਸ ਵਿੱਚ ਪੈਣ ਦੀ ਕੀਹ ਲੋੜ ਹੈ ਅਸੀ ਆਪਣੇ ਇਤਹਾਸ ਦੀ ਲੜੀ ਨੂੰ ਆਰੰਭ ਕਰਦੇ ਹਾਂ ਗੁਰੂ ਹਰਿਗੋਬਿੰਦ ਜੀ ਭਾਵੇਂ ਆਪਣੇ ਬਚਾਉਦੀ ਲਈ ਭਾਵੇਂ ਆਪਣੀ ਜਿੱਤ ਦੇ ਵਾਸਤੇ ਕੋਈ ਗਲ ਭੀ ਕਰਦੇ ਸੇ ਆਪਣੇ ਪਾਸ ਸਿਪਾਹੀ ਤੇ ਸਵਾਰ ਇਕੱਤ੍ਰ ਕਰਨ ਲਗੇ ਤੇ ਇਸ ਜਗਾ ਉਨ੍ਹਾਂ ਪਰ ਇਹੁ ਦੋਸ਼ ਲਾਯਾ ਜਾਂਦਾ ਹੈ ਕਿ ਲੁਟੇਰੇ ਡਾਕੂ, ਨਠੇ ਭਜੇ ਹੋਏ ਗੁਨਾਹੀ ਲੋਕ ਉਨ੍ਹਾਂ ਪਾਸ ਜਾਕੇ ਟਿਕਦੇ ਸੇ ਪ੍ਰੰਤੂ ਥੋੜੇ ਜੇਹੇ ਇਤਹਾਸਾਂ ਦੇ ਪੰਨੇ ਤਾਂ ਪਲਟਕੇ ਦੇਖੋ ਉਸ ਵੇਲੇ ਕੇਹੜਾ ਨੁਵਾਬ, ਯਾ ਸਰਦਾਰ, ਯਾ ਸੂਬਾ, ਅਥਵਾ ਸਿਪਾਹ ਸਾਲਾਰ ਸੀਜਿਸਦੇ ਪਾਸ ਲੁਟੇਰੇ ਤੇ ਬਦਮਾਸ਼, ਲੜਾਕੇ, ਡਾਕੂਆਂ ਦਾ ਜਥਾ ਨਾਂ ਰਹਿੰਦਾ ਸੀ ਤੇ ਇਹੀ ਜਥਾ ਫ਼ੌਜੀ ਕੰਮ ਨਾਂ ਦੇਂਦਾ ਹੋਵੇ ਉਸ ਸਮੇਂ ਅਜੇਹੇ ਹੀ ਪੁਰਖ ਮਿਲਦੇ ਸੇ ਭਲਾ ਜੇਕਰ ਗੁਰੂ ਹਰਗੋਬਿੰਦ ਸਾਹਿਬ ਜੀ ਪਾਸ ਅਜੇਹੇ ਲੋਕ ਨੌਕਰ ਭੀ ਹੋਣ ਤਾਂ ਉਨ੍ਹਾਂ ਪਰ ਕਿਉਂ ਬ੍ਰਿਥਾ ਦੋਸ਼ ਲਾਯਾ ਜਾਵੇ ਜੇਹੜਾ ਮਸਾਲਾ ਉਸ ਵੇਲੇ ਮਿਲ ਸਕਦਾ ਸੀ ਸੋਈ ਕੰਮ ਵਿੱਚ ਆਉਂਦਾ ਸੀ ਤਾਤ ਪਰਜ ਤਾਂ ਇਹੁ ਹੈ ਕਿ ਜੰਗੀ ਖ਼ਿਆਲਾਤ ਦਾ ਸਿਖਾਂ ਵਿੱਚ

ਉਤਪਤ ਹੋਨ ਦਾ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਰੀਰ ਤਿਆਗਨ ਥੀਂ ਤੇ ਉਸਦੇ ਬਦਲੇ ਲੈਣ ਦੀ ਇਛਾਂ ਕਰਕੇ ਹੋਯਾ ਸੀ ਅਤੇ ਚੰਦੂਲਾਲ ਨੇ ਉਨ੍ਹਾਂ ਦੀ ਮਦਦ ਤੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਨੂੰ ਕਤਲ ਕਰਵਾਯਾ ਸੀ ਜਿਸ ਕਰਕੇ ਗੁਰੂ ਹਰਗੋਬਿੰਦ ਜੀ ਦਾ ਦਿਲ ਮੁਸਲਮਾਨਾਂ ਨਾਲ ਭੀ ਸਾਫ਼ ਨਹੀਂ ਸੀ ਸਗੋਂ ਮੁਸਲਮਾਨਾਂ ਨੂੰ ਗੁਰੂ ਜੀ ਜ਼ਾਲਮ ਪਾਪੀ ਜਾਣਦੇ ਸੇ ਇਸ ਕਰਕੇ ਗੁਰਾਂ ਨੇ ਦੋਹਾਂ ਦੇ ਨਾਲ ਜੰਗ ਕਰਨ ਲਈ ਬਲ ਉਤਪਤ ਕੀਤਾ ਤੇ ਹਿੰਦੂਆਂ ਨੂੰ ਉਸ ਸਮੇਂ ਦੀ ਰਵਾਜੀ ਸਕਤਿ ਥੀਂ ਕੱਢਕੇ ਜੰਗੀ ਸਕਤਿ ਵਿੱਚ ਭਰਪੂਰ ਕੀਤਾ ਤੇ ਪੈਹਲੇ ਸਮੇਂ ਦੀ ਬਾਬਤ ਸਭੈਹੀ ਬਦਲ ਦਿੱਤੇ ਤੇ ਇਸ ਬਾਤ ਨੂੰ ਪ੍ਰਚਲ ਕੀਤਾ ਕਿ 'ਰਾਜ ਮੇਂ ਜੋਗ ਕਮਾਵੇ' ਹਿੰਦੂਆਂ ਦਾ ਤਾਂ ਇਹੁ ਪਵਿਤ੍ਰ ਖ਼ਿਆਲ ਸੀ ਕਿ ਰਾਜ ਛੱਡਕੇ ਜੋਗ ਨੂੰ ਧਾਰਨ ਕਰੋ ਸ੍ਰੀ ਗੁਰੂ ਹਰਿ ਗੋਬਿੰਦ ਜੀਨੇ ਕਿਹਾ ਕਿ ਨਹੀਂ ਰਾਜ ਵਿਖੇ ਹੀ ਜੋਗ ਕਮਾਵੇ ਇਸ ਵਿਖੇ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਵਾਕ ਤੇ ਕਰਮ ਕਿਸੇ ਪ੍ਰਕਾਰ ਕਰਕੇ ਭੀ ਨਿੰਦਾ ਯੋਗ ਨਹੀਂ ਸੀ ਬੁਧਦੀ ਸਿਖ੍ਯਾ ਕੀਹਸੀ ਚੰਗੇ ਕਰਮ ਕਰੋ ਤੇ ਕਿਸੇ ਦੇ ਤਈ ਦੁਖੀ ਨਾਂ ਕਰੋ (ਚਿਜਾਇਕੇ ਜੰਗ ਤੇ ਜਦਲ) ਪ੍ਰੰਤੂ ਬੁਧ ਦੇ ਮਗਰੋਂ ਬੁਧਾਂ ਨੇ ਕੀਹ ਕੀਤਾ ਤਲਵਾਰ ਦੇ ਨਾਲ ਦੇਸਾਂ ਦੇ ਦੇਸ਼ ਤੇ ਦਲਾਂ ਦੇ ਦਲ ਆਦਮੀ ਮਾਰ ਸੁੱਟੇ ਈਸਾ ਨੇ ਕੀਹ ਪ੍ਰਚਾਰ

ਕੀਤਾ ਕਿ "ਜੇਕਰ ਕੋਈ ਤੇਰੀ ਗਲ ਪਰ ਤਮਾਚਾ ਮਾਰੇ ਤਾਂ ਦੂਸਰੀ ਗੱਲ ਸਾਹਮਨੇ ਕਰਦੇਵੋ ਪ੍ਰੰਤੂ ਉਸਦੇ ਸਿਖਾਂ ਨੇ ਕੀਹ ਕੀਤਾ ਹਰ ਦਿਨ ਅੱਗ ਵਰਸਾਉਨ ਵਾਲੇ ਤੇ ਬਰਬਾਦੀ ਕਰਦੇਨ ਵਾਲੇ ਹਥਯਾਰ ਸ਼ਸਤ੍ਰ ਬਣਾਕੇ ਸਾਰੀ ਦੁਨੀਆਂ ਨੂੰ ਮਿੱਟੀ ਵਿੱਚ ਰੁਲਾ ਦਿੱਤਾ ਤੇ ਚੱਪਾ ਚਪਾ ਧਰਤੀ ਲਹੂ ਨਾਲ ਸਿੰਜ ਛਡੀ ਸੀ ਸੋ ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਾਂ ਦੁਖੀ ਕਰਨ ਦੀ ਸਿਖਿਯਾ ਥੀਂ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਬਚਾਉ ਵਾਸਤੇ ਤੇ ਆਪਣੇ ਪਿਤਾ ਦਾ ਵੱਟਾ ਲੈਣ ਵਾਸਤੇ ਰਾਜ ਮੇਂ ਜੋਗ ਕਮਾਉਂਦਾ ਪੰਨਾ ਉਲ-ਟਾਯਾ ਤਾਂ ਕਿਉਂ ਉਨ੍ਹਾਂ ਪਰ ਨੁਕਤਾ ਚੀਨੀ ਕਰਕੇ ਦੋਸ਼ ਲਾਯਾ ਜਾਂਦਾ ਹੈ ਹਾਲਾਂਕਿ ਜਿਨ੍ਹਾਂ ਦਾ ਧਰਮ ਪਰਮ ਭੀ ਇਹੀ ਹੈ ਕਿ ਆਪਣੇ ਬਚਾਉ ਵਾਸਤੇ ਤਲਵਾਰ ਚੁਕਨੀ ਖਤ੍ਰੀ ਧਰਮ ਦਾ ਪਾਸ ਕਰਨਾਂ ਮਹਾਂ ਧਰਮ ਤੇ ਪਰਮ ਉਪਕਾਰ ਹੈ ਕਿਉਂਕਿ ਹਿੰਦੂ ਧਰਮ ਵਿਖੇ ਸ਼ਸਤ੍ਰੀ ਧਰਮ ਨੂੰ ਸਭ ਥੀਂ ਵਡਾ ਲਿਖਿਆ ਹੈ ਜਿਸ ਧਰਮ ਦੇ ਪੂਰਾ ਹੀ ਕਰਨੇ ਕਰਕੇ ਮੁਕਤੀ ਪ੍ਰਾਪਤ ਹੋ ਸਕਦੀ ਹੈ ਚੰਦੂਲਾਲ ਓੜਕ ਨੂੰ ਆਪਣੇ ਬੁਰੇ ਫਲਾਂ ਦੇ ਭੋਗਨ ਨੂੰ ਪੁੱਜਾ ਤੇ ਬਾਦਸ਼ਾਹ ਦੇ ਹੁਕਮ ਨਾਲ ਉਸਦਾ ਘਰ ਬਾਰ ਲੁਟਿਆ ਗਿਆ ਤੇ ਉਸਨੂੰ ਤਲਵਾਰ ਦੇ ਰਾਹ ਥਾਂਣੀ ਪਾਰ ਉਤਾਰਿਆ ਗਿਆ ਸਗੋਂ ਇਕ ਕਹਾਵਤ ਹੈ ਕਿ ਗੁਰੂ ਜੀਨੇ ਉਸਨੂੰ ਮਰਵਾਯਾ ਕਿਉਂਕਿ ਬਾਦਸ਼ਾਹੁ ਨੇ

ਚੰਦੂ ਨੂੰ ਗੁਰੂ ਜੀਦੇ ਸਪੁਰਦ ਕਰ ਦਿੱਤਾ ਸੀ ਤੇ ਕਈ ਇਸ ਦੇ ਵਿਰੁਧ ਸਨ ਖ਼ੈਰ ਕੁਛ ਹੀ ਹੋਵੇ ਇਸ ਵਿਖੇ ਸੰਦੇਹ ਨਹੀਂ ਕਿ ਚੰਦੂਲਾਲ ਭੀ ਬੜੀ ਬੇਇਜ਼ਤੀ ਨਾਲ ਕਤਲ ਕਰਵਾਯਾ ਗਿਆ ਸੀ॥

ਇਸਦੇ ਮਗਰੋਂ ਗੁਰੂ ਹਰਗੋਬਿੰਦ ਜੀ ਈਸ਼੍ਵਰ ਭਜਨ, ਤੇ ਈਸ਼੍ਵਰ ਦੇ ਗੁਨ ਗਾਉਨੇ ਤੇ ਗੁਰੂ ਨਾਨਕ ਦੇਵ ਜੀ ਦੀ ਪਵਿਤ੍ਰ ਬਾਣੀ ਨੂੰ ਪ੍ਰਚਾਰ ਕਰਨੇ ਵਿਖੇ ਤੇ ਹੋਰ ਦੁਨੀਆਂਦਾਰੀ ਦੇ ਕੰਮਾਂ ਧੰਧਿਆਂ ਵਿੱਚ ਭੀ ਰੈਹਨ ਲਗੇ॥

ਦੋ ਤਲਵਾਰਾਂ ਦਾ ਕਮਰ ਕਸਾ ਰਖਦੇ ਹੁੰਦੇ ਔਰ ਕਹਿੰਦੇ ਹੁੰਦੇ ਸੀ ਇੱਕ ਪੀਰੀ ਤੇ ਦੂਸਰੀ ਅਮੀਰੀ ਦੀ ਹੈ ਤੇਗ ਤੇ ਦੇਗ ਦੋਵੇਂ ਸਾਡਾ ਹੀ ਹੱਕ ਹਨ ਦਰਬਾਰ ਲਾਉਂਦੇ, ਕਚੈਹਰੀ ਕਰਦੇ ਸ਼ਿਕਾਰ ਖੇਡਦੇ ਘੋੜੇ ਸਿਪਾਹੀ ਭਰਤੀ ਕਰਦੇ ਰਹਿੰਦੇ ਸ਼ਸਤ੍ਰ ਇਕਤ੍ਰ ਕਰਨ ਲਗੇ ਲੋਹਗੜ੍ਹ ਦਾ ਕੋਟ ਬਨਵਾਯਾ ਜੋ ਹੁਣ ਇੱਕ ਹਿੱਸਾ ਅੰਮ੍ਰਿਤਸਰ ਦਾ ਹੈ ਅਕਾਲਬੁੰਗਾ ਤਖ਼ਤ ਬਨਾਕੇ ਉਸ ਪਰ ਤਖ਼ਤ ਵਿਛਵਾਕੇ ਦਰਬਾਰ ਲਾਯਾ ਕਰਦੇ ਪਿਛਲੇ ਸਮੇਂ ਦੇ ਸੂਰਮਿਆਂ ਦੀਆਂ ਵਾਰਾਂ ਸੁਣਿਆ ਕਰਦੇ ਪੋਸ਼ਾਕ ਸਿਪਾਹੀਆਂ ਦੀ ਤਰਹ ਰਖਨ ਲਗ ਗਏ ਵੈਰੀਆਂ ਨੇ ਜਹਾਂਗੀਰ ਬਾਦਸ਼ਾਹੁ ਦਾ ਧਿਆਂਨ ਇਸ ਪਾਸੇ ਕਰਵਾਯਾ ਓੜਕ ਨੂੰ ਜਹਾਂਗੀਰ ਨੇ ਗੁਰੂ ਜੀ ਨੂੰ ਆਪਣੇ ਦਰਬਾਰ ਵਿੱਚ ਸਦ ਭੇਜਿਆ ਤੇ ਆਪਣੇ ਅਮੀਰਾਂ ਵਜ਼ੀਰਾਂ ਦੇ ਨਾਲ ਭੀ

ਸਦੀਵ ਹੀ ਸਦਿਆ ਕਰਦਾ ਕੁਛ ਦਿਨ ਗੁਰੂ ਹਰਗੋਬਿੰਦ ਸਾਹਿਬ ਜੀ ਬਾਦਸ਼ਾਹੁ ਦੀ ਦ੍ਰਿਸ਼ਟੀ ਗੋਚਰ ਰਹੇ ਕਸ਼ਮੀਰ ਤਕ ਬਾਦਸ਼ਾਹੁ ਦੇ ਨਾਲ ਗਏ ਪਰ ਤਿਸ ਸਮੇਂ ਭੀ ਆਪਣੇ ਸ਼ੁਗ਼ਲਾਂ ਨੂੰ ਨਹੀਂ ਛੱਡਿਆ ਬਹੁਤ ਕਰਕੇ ਸ਼ਕਾਰ ਖੇਡਦੇ ਰਹਿੰਦੇ (ਇਹੁ ਗਲ ਹੋ ਸਕਦੀ ਹੈ ਕਿ ਇਸ ਸਮੇਂ ਵਿਖੇ ਗੁਰੂ ਹਰਗੋਬਿੰਦ ਜੀਨੇ ਚੰਦੂਲਾਲ ਦੇ ਵਿਰੁਧ ਬਾਦਸ਼ਾਹੁ ਨੂੰ ਗ਼ੁੱਸਾ ਚੜ੍ਹਾਉਨ ਵਿੱਚ ਕਾਮਯਾਬੀ ਹਾਸਲ ਕਰ ਲਈ ਹੋਵੇ, ਭਾਵੇਂ ਬਾਦਸ਼ਾਹੁ ਦੇ ਮੁਸਾਹਿਬਾਂ ਵਿੱਚ ਬਹੁਤ ਸਮਾਂ ਬਿਤੀਤ ਕੀਤਾ ਪਰ ਆਪਣੇ ਖ਼ਿਆਲਾਂ ਵਿੱਚ ਪਰ ਪਕ ਰਹੇ ਤੇ ਆਪਣੇ ਆਪ ਨੂੰ ਕੁਦਰਤੀ ਪੇਸ਼ਵਾ ਪੁਰਖਾਂ ਦਾ ਸਮਝਦੇ ਸੇ ਤੇ ਕਈ ਵਾਰੀ ਬਾਦਸ਼ਾਹ ਦੀ ਮਰਜ਼ੀ ਦੇ ਉਲਟ ਕਈ ਕੰਮ ਹੋ ਜਾਯਾ ਕਰਦੇ ਸੇ ਜਿਨ੍ਹਾਂ ਕਰਕੇ ਬਾਦਸ਼ਾਹ ਗ਼ੁੱਸੇ ਹੋ ਜਾਂਦਾ ਸੀ ਆਜ਼ਾਦੀ ਦੇ ਖ਼ਿਆਲ ਦਿਮਾਗ਼ ਵਿੱਚ ਕੰਮ ਕਰ ਰਹੇ ਸੇ ਇਸੇ ਵਾਸਤੇ ਕਈ ਵਾਰੀ ਅਸਲਾਮੀਆ ਧਰਮ ਨੂੰ ਪਸ਼ੂਵਤ, ਜੰਗਲੀ, ਤੇ ਜ਼ਾਲਮਾਨਾਂ ਮਜ਼ੁਬ ਤਕ ਭੀ ਕੈਹਣੋ ਨਹੀਂ ਸੀ ਟਲਦੇ ਬਾਦਸ਼ਾਹੁ ਮੁਸਲਮਾਨ, ਸਭ ਦਰਬਾਰੀ, ਮੁਸਲਮਾਨ, ਫੇਰ ਸਭਦੇ ਸਭ ਮੁਤਅਸਬ ਮੁਸਲਮਾਨ ਇਹੁ ਕਦ ਸਹਾਰ ਸਕਦੇ ਸੇ ਕਿ ਓਹੁ ਗੁਰੂ ਹਰਗੋਬਿੰਦ ਜੀ ਦੀ ਅਜੇਹੀ ਨਿਡਰ ਬਾਤਾਂ ਪਰ ਇਸਲਾਮੀ ਤਾਲੀਮ ਦੇ ਵਿਰੁਧ ਕੈਹਣ ਤੇ ਸੁਨਣ ਇਸ ਵਾਸਤੇ ਸਹਿਜੇ ਸਹਿਜੇ ਬਾਦਸ਼ਾਹੁ ਨੂੰ ਗੁਰੂ ਜੀ ਵੱਲੋਂ

ਹਟਾਹੀ ਦਿੱਤਾ ਤੇ ਬਾਦਸ਼ਾਹੁ ਨੇ ਇਸੇ ਬਹਾਨੇ ਨਾਲ ਇਨਾਂ ਨੂੰ ਗੁਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਦਿੱਤਾ ਕਿ ਗੁਰੂ ਅਰਜਨ ਜੀ ਉੱਪਰ ਜੋ ਦੋ ਲੱਖ ਰੁਪਜਾ ਜੁਰਮਾਨਾਂ ਹੋਯਾ ਸੀ ਓਹੁ ਨਹੀਂ ਦਿੱਤਾ ਸੋ ਯਾ ਤਾਂ ਤੁਸੀ ਦੇਵੋ ਨਹੀਂ ਤਾਂ ਕੈਦ ਵਿਖੇ ਪਵੋ ਭਲਾ ਜੀ ਗੁਰੂ ਜੀਦੇ ਪਾਸ ਰੁਪਜਾ ਕਿੱਥੇ ਸੀ ਕੈਦ ਵਿੱਚ ਚਲੇ ਗਏ ਸਿਖਾਂ ਨੂੰ ਭੀ ਇਤਨਾਂ ਰੁਪਜਾ ਕੱਠਾ ਕਰਨਾ ਬੜਾ ਔਖਾ ਸੀ ਦੂਸਰੀ ਗੱਲ ਇਹੁ ਸੀ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਰੁਪਏ ਦੇ ਅਕੱਠਾ ਕਰਨ ਵਲੋਂ ਭੀ ਸਿਖਾਂ ਨੂੰ ਮਨਾਂ ਕਰਦੇ ਸੇ ਏਸ ਕਰਕੇ ਓਹੁ ਕਿਲੇ ਗੁਵਾਲੀਅਰ ਵਿੱਚ ਬਹੁਤ ਚਿਰ ਕੈਦ ਰਹੇ ਪਰ ਆਪਣੇ ਖ਼ਿਆਲਾਂ ਨੂੰ ਅਜੇਹਾ ਪੱਕਾ ਰੱਖਿਆ ਕਿ ਜਿਹੋ ਜਿਹਾ ਚਾਹੀਦਾ ਸੀ ਬਾਹਰ ਸਿਖਾਂ ਨੇ ਆਪਣੇ ਗੁਰੂ ਜੀ ਦੇ ਪ੍ਰੇਮ ਵਿਖੇ ਇੱਜ਼ਤ ਰਖਨ ਦਾ ਓਹੁ ਸਬੂਤ ਦਿੱਤਾ ਕਿ ਜਿਸ ਵਰਗਾ ਕੋਈ ਦੂਸਰਾ ਹੋਣਾ ਹੀ ਨਹੀਂ ਜਿਸ ਕਿਲੇ ਗੁਵਾਲੀਅਰ ਵਿਖੇ ਗੁਰੂ ਜੀ ਕੈਦ ਸਨ ਸਿਖਾਂ ਨੇ ਉਸਨੂੰ ਆਪਣਾ ਪਵਿਤ੍ਰ ਅਸਥਾਨ ਤੀਰਥ ਬਨਾਯਾ ਅੰਦਰ ਭਾਵੇਂ ਨਹੀਂ ਸੇ ਜਾ ਸਕਦੇ ਪ੍ਰੰਤੂ ਕੰਧਾਂ ਨਾਲ ਆਪਣੇ ਮਸਤਕ ਨਿਵਾਕੇ ਧਰਤੀ ਪਰ ਮੱਥਾ ਟੇਕਕੇ ਮੁੜ ਆਉਂਦੇ ਸੇ ਇਹੁ ਲੜੀ ਬਰਾਬਰ ਚਲਦੀ ਰਹੀ ਕੋਈ ਆਖਦੇ ਹਨ ਕਿ ਗੁਰੂ ਹਰਗੋਬਿੰਦ ਜੀ ਬਾਰਾਂ ਵਰ੍ਹੇ ਕਿਲੇ ਗੁਵਾਲੀਅਰ ਵਿਚ ਕੈਦ ਰਹੇ ਪ੍ਰੰਤੂ ਕੈਦ ਦੇ ਕਾਲ ਦਾ ਪਤਾ ਲਗਣਾ ਕਠਿਨ

ਹੈ ਸ੍ਰੀ ਗੁਰੂ ਹਰਿਗੋਬਿੰਦ ਜੀਨੇ ਕੈਦ ਵਿੱਚ ਭੀ ਆਪਣਾ ਕੰਮ ਨਾਂ ਛੱਡਿਆ ਓੜਕ ਨੂੰ ਜਹਾਂਗੀਰ ਨੇ ਗੁਰਾਂ ਨੂੰ ਛਡ ਦਿੱਤਾ ਪੱਕ ਕਰਕੇ ਉਸਦਾ ਕਾਰਨ ਇਹੁ ਹੋਯਾ ਹੋਵੇਗਾ ਕਿ ਪੰਜਾਬ ਵਿੱਚ ਓੜਕ ਦੇ ਵੇਲੇ ਵਿਖੇ ਜੋ ਉਸਨੂੰ ਆਸਫ਼ਖਾਂ ਆਦਿਕ ਨੇ ਦੁਖ ਤੇ ਕਸ਼ਟ ਦਿੱਤੇ ਤੇ ਸਭਨੀ ਪਾਸੀਂ ਝਗੜੇ ਉਠ ਖੜੇਤੇ ਤੇ ਸਿਖਾਂ ਨੇ ਭੀ ਆਪਣੇ ਸਿਦਕ ਭਰੋਸੇ ਦਾ ਪੂਰਾ ਪੂਰਾ ਸਬੂਤ ਦਿੱਤਾ ਸੀ ਇਸ ਵਾਸਤੇ ਬਾਦਸ਼ਾਹ ਨੂੰ ਇਸ ਬਾਤ ਦਾ ਡਰ ਜ਼ਰੂਰ ਉਤਪਤ ਹੋਗਿਆ ਹੋਵੇਗਾ ਕਿ ਕਿਧਰੇ ਸਿਖ ਭੀ ਬਾਗੀਆਂ ਨਾਲ ਮਿਲਕੇ ਮੇਰੇ ਪਾਸੋਂ ਬਦਲਾ ਲੈਣ ਲਈ ਤਿਆਰ ਨਾ ਹੋ ਜਾਣ ਇਸ ਕਰਕੇ ਉਸਨੇ ਆਪਣੇ ਲਾਭ ਵਾਸਤੇ ਤੇ ਪੱਲਾ ਪੱਕਾ ਰਖਨ ਲਈ ਡਰ ਥੀਂ ਬਚ ਜਾਣ ਵਾਸਤੇ ਸ੍ਰੀ ਗੁਰੂ ਜੀ ਨੂੰ ਛੱਡ ਦਿੱਤਾ ਹੋਵੇਗਾ ਗੁਰੂ ਜੀ ਛੁੱਟਕੇ ਫੇਰ ਆਪਣੇ ਦੇਸ਼ ਮਾਲਵੇ ਵਿਖੇ ਆ ਗਏ ਪ੍ਰੰਤੂ ਹੁਣ ਤਾਂ ਬੜੇ ਹੀ ਦਲੇਰ ਸੂਰਮੇ ਪਹਿਲੇ ਨਾਲੋਂ ਭੀ ਬੜੇ ਤਿਆਰ ਬਰ ਤਿਆਰ ਹੋਗਏ ਸੇ ਸਮੇਂ ਨੇ ਆਕੇ ਅਜੇਹਾ ਘੇਰਾ ਘੱਤਿਆ ਕਿ ਗੁਰੂ ਹਰਗੋਬਿੰਦ ਜੀਨੇ ਆਪਣੀ ਫ਼ੌਜ ਕੱਠੀ ਕਰਕੇ ਬਾਦਸ਼ਾਹੀ ਲਸ਼ਕਰ ਨਾਲ ਟਾਕਰਾ ਕੀਤਾ ਜ਼ਰਾ ਇਸ ਸਪੁਤ੍ਰ ਖੱਤ੍ਰੀ ਦੇ ਹੌਸਲੇ ਦਾ ਧਿਆਂਨ ਕਰੋ ਤੇ ਹਿੰਮਤ ਦੇਖੋ ਆਪ ਤਾਂ ਇੱਕ ਫ਼ਕੀਰ ਗੋਸ਼ਾ ਨਸ਼ੀਨ ਸੇ ਤੇ ਟਾਕਰਾ ਕਰਦੇ ਹਨ ਬਾਦਸ਼ਾਹੀ ਫ਼ੌਜ ਦਾ ਜਿਨਾਂ ਫ਼ੌਜਾਂ ਨੇ ਸਾਰੇ ਹਿੰਦੁਸਤਾਂਨ

ਦੀਆਂ ਹੱਦਾਂ ਨੂੰ ਖ਼ਾਕ ਵਿੱਚ ਮਿਲਾਯਾ ਤੇ ਰਾਜਪੂਤ ਖਤ੍ਰੀਆਂ ਦਾ ਨਾਮ ਨਿਸ਼ਾਂਨ ਮਿਟਾ ਦਿੱਤਾ ਸੀ ਜਿਨਾਂ ਦੀ ਤਲਵਾਰ ਦੇ ਸਾਹਮਣੇ ਸੂਰਜਬੰਸੀ, ਤੇ ਚੰਦ੍ਰਬੰਸੀਆਂ ਨੂੰ ਸਿਰ ਨੀਵਾਂ ਕਰਨਾਂ ਪਿਆ ਸੀ ਜਿਨ੍ਹਾਂ ਦੀ ਧੂਮ ਧਾਮ ਦੇ ਅਗੇ ਸਾਰੇਹੀ ਭਾਰਤਬਾਸ਼ੀ ਕੰਬਦੇ ਸੇ ਉਨ੍ਹਾਂਦੇ ਮੁਕਾਬਲੇ ਵਿਖੇ ਇਕ ਸਾਮਾਂਨ ਹੀਨ ਪਰ ਚਿਤ ਦਾ ਜੁਵਾਨ ਗੁਮਨਾਮੀ ਦੇ ਕੋਣੇ ਥੀਂ ਨਿਕਲਕੇ ਨਾਂ ਕੇਵਲ ਜੰਗ ਜੁਧ ਹੀ ਕਰਦਾ ਹੈ ਸਗੋਂ ਉਨ੍ਹਾਂ ਨੂੰ ਹਰਾ ਦੇਂਦਾ ਹੈ॥

ਇਕ ਸਿਖ ਤੁਰਕਸਤਾਂਨ ਥੀਂ ਕੁਛ ਘੋੜੇ ਵਡ ਮੁੱਲੇ ਗੁਰੂ ਜੀ ਦੀ ਭੇਟਾ ਲਈ ਆ ਰਿਹਾ ਸੀ ਪ੍ਰੰਤੂ ਸੂਬੇਦਾਰ ਲਾਹੌਰ ਨੇ ਬਦੋਬਦੀ ਲੈਜਾਕੇ ਸੁਲਤਾਂਨ ਹਿੰਦਦੇ ਬਹਾਨੇ ਨਾਲ ਆਪਣੇ ਤਬੇਲੇ ਵਿੱਚ ਬੰਨ੍ਹ ਦਿੱਤੇ ਤੇ ਇੱਕ ਆਪਣੇ ਕਾਜ਼ੀ ਲਾਹੌਰ ਵਾਲੇ ਨੂੰ ਦੇ ਦਿੱਤ ਗੁਰੂ ਹਰਗੋਬਿੰਦ ਜੀ ਨੇ ਘੋੜਾ ਦੇਖਣ ਲਈ ਯਾ ਖ਼ਰੀਦਨ ਲਈ ਕਾਜ਼ੀ ਪਾਸੋਂ ਮੰਗਵਾਯਾ ਪਰ ਮੋੜਦੇ ਨਹੀਂ ਝਗੜਾ ਵਧ ਗਿਆ ਹੈ ਇਸੇ ਝਗੜੇ ਵਿੱਚ ਹੀ ਇਕ ਹੋਰ ਅਦਭੁਤ ਬਾਤ ਹੋਈ ਹਿੰਦੂ ਤਾਂ ਆਖਦੇ ਹਨ ਕਿ ਕੌਲਾਂ ਉਸ ਕਾਜ਼ੀ ਦੀ ਪੁਤ੍ਰੀ ਸੀ ਪਰ ਮੁਸਲਮਾਂਨ ਆਖਦੇ ਹਨ ਕਿ ਕਾਜ਼ੀ ਦੀ ਦਾਸੀ ਪਜਾਰੀ ਸੀ ਕਿਉਂਕਿ ਗੁਰੂ ਹਰਗੋਬਿੰਦ ਜੀ ਬੜੇ ਸੁੰਦਰ ਜੁਵਾਨ ਸੇ ਇਸ ਵਾਸਤੇ ਓਹੁ ਇਨ੍ਹਾਂ ਪਰ ਦ੍ਰਿਸ਼ਟੀ ਰਖਦੀ ਤੇ ਕਾਜ਼ੀ ਗ਼ੁੱਸੇ ਹੁੰਦਾ ਤੇ ਇਸੇ

ਗਲ ਦੇ ਕਾਰਨ ਉਸਨੂੰ ਮਾਰ ਦੇਣਾਂ ਚਾਹੁੰਦਾ ਸੀ ਓਹੁ ਭੱਜਕੇ ਗੁਰੂ ਜੀ ਦੀ ਸ਼ਰਨੀ ਆਈ ਗੁਰਾਂਨੇ ਉਸਨੂੰ ਆਪਣੇ ਪਾਸ ਰਖਿਆ ਅਤੇ ਉਸਦੀ ਯਾਦਗਾਰ ਵਿੱਚ ਤਾਲਾਬ ਕੌਲਸਰ ਪੁਟਾਯਾ ਗਿਆ ਸੀ ਇਹੁ ਸਾਰੀਆਂ ਗਲਾਂ ਅਜੇਹੀਆਂ ਸਨ ਕਿ ਕਾਜ਼ੀ ਨੇ ਇਸਲਾਮ ਦੀ ਕਮਨ ਨੂੰ ਆਪਣੀ ਸਹਾਯਤਾ ਲਈ ਬੁਲਾਯਾ ਤੇ ਓੜਕ ਨੂੰ ਮੁਖ਼ਲਸਖ਼ਾਂ ਦੇ ਹੇਠਾਂ ਫ਼ੌਜ ਗੁਰੂ ਜੀਦੇ ਟਾਕਰੇ ਵਾਸਤੇ ਭੇਜੀ ਗਈ ਗੁਰੂ ਜੀਨੇ ਭੀ ਖ਼ੂਬ ਬਾਦਸ਼ਾਹੀ ਫ਼ੌਜਦਾ ਸਾਹਮਣਾ ਕੀਤਾ ਤੇ ਅੰਮ੍ਰਿਤਸਰਦੇ ਪਾਸ ਹਰਾ ਦਿੱਤਾ ਕੀਹ ਕੋਈ ਭਰੋਸਾ ਕਰ ਸਕਦਾ ਹੈ ਕਿ ਬਾਦਸ਼ਾਹੀ ਲਸ਼ਕਰ ਨੂੰ ਇਕ ਸਾਧੂ ਗੋਸ਼ਾ ਨਸ਼ੀਨ ਹਾਰ ਦੇਵੇ ਗੁਰੂ ਹਰਗੋਬਿੰਦ ਜੀ ਦੇ ਇਸ ਹੌਸਲੇ ਤੇ ਹਿੰਮਤ ਪਰ ਬਲਿਹਾਰ ਤੇ ਕੁਰਬਾਨ ਹੋਣਾਂ ਲੋੜੀਏ॥

ਥੋੜੇ ਹੀ ਦਿਨ ਬੀਤੇ ਸੇ ਕਿ ਇੱਕ ਸਿਖ ਅਥਵਾ ਕੋਈ ਨੌਕਰ ਗੁਰੂ ਹਰਗੋਬਿੰਦ ਜੀਦਾ ਸ਼ਾਹੀ ਤਬੇਲੇ ਵਿਚੋਂ ਦੋ ਘੋੜੇ ਕੱਢ ਲਿਆਯਾ ਤੇ ਆਖਦੇ ਹਨ ਕਿ ਇਹੁ ਓਹੀ ਘੋੜੇ ਸਨ ਜੋ ਮੁਸਲਮਾਂਨ ਹਾਕਮਾਂ ਨੇ ਬਦੋਬਦੀ ਜ਼ੋਰੋਧਿੰਙੀ ਸਿਖ ਪਾਸੋਂ ਖੋਹ ਲਏ ਸੇ ਤੇ ਇਹੀ ਗੁਰੂ ਜੀ ਦੀ ਭੇਟਾ ਵਾਸਤੇ ਲਿਆਂਦੇ ਗਏ ਸੇ ਇਸ ਬਾਤ ਪਰ ਫਿਰ ਸ਼ਾਹੀ ਫ਼ੌਜ ਬੜੇ ਕ੍ਰੋਧ ਨਾਲ ਲਾਹੌਰੋਂ ਗੁਰੂ ਹਰਗੋਬਿੰਦ ਜੀ ਪਰ ਚੜ੍ਹਾਈ ਕਰਕੇ ਆਈ ਗੁਰੂ ਹਰਗੋਬਿੰਦ ਜੀ ਨੇ ਫੇਰ ਬਹਾਦੁਰੀ ਤੇ ਸੂਰਮਤ ਨਾਲ ਟਾਕਰਾ ਕੀਤਾ ਤੇ

ਬਾਦਸ਼ਾਹੀ ਲਸ਼ਕਰ ਨੂੰ ਹਰਾ ਦਿੱਤਾ ਤੇ ਸਰਦਾਰਾਂ ਨੂੰ ਮੈਦਾਨ ਜੰਗ ਵਿੱਚ ਕਤਲ ਕੀਤਾ ਫੇਰ ਹਰਗੋਬਿੰਦ ਪੁਰ ਚਲੇ ਗਏ ਓਥੇ ਭੀ ਚੰਦੂ ਲਾਲ ਦਾ ਸਾਕ ਸੀ ਉਸਨੇ ਮੁਕਾਬਲਾ ਕੀਤਾ ਪਰ ਮਾਰਿਆ ਗਿਆ ਆਖ ਦੇਹਨ ਕਿ ਗੁਰੂ ਨਾਨਕ ਦੇਵ ਜੀ ਦੇ ਵਡੇ ਪੁਤ੍ਰ ਸ੍ਰੀ ਚੰਦ ਜੀ ਜੀਉਂਦੇ ਸਨ ਓਥੇ ਉਨ੍ਹਾਂ ਨੂੰ ਮਿਲੇ ਪਰ ਇਹੁ ਗਲ ਕਮਜ਼ੋਰ ਜੇਹੀ ਜਾਣੀ ਜਾਂਦੀ ਹੈ ਗੁਰੂ ਜੀ ਏਧਰ ਓਧਰ ਫਿਰਦੇ ਰਹੇ ਤੇ ਸੈਰ ਸ਼ਿਕਾਰ ਕਰਦੇ ਰਹੇ ਓੜਕ ਨੂੰ ਸਮਾਂ ਪਾਕੇ ਫੇਰ ਅੰਮ੍ਰਿਤਸਰ ਆ ਗਏ ਤੇ ਏਥੇ ਇਕ ਹੋਰ ਗਲ ਹੋਈ ਕਿ ਪੈਂਦੇ ਖ਼ਾਂ ਮੁਗ਼ਲ ਤੁਰਕ ਦੀ ਮਾਂ ਗੁਰੂ ਹਰ ਗੋਬਿੰਦ ਜੀ ਦੀ ਦਾਈ ਸੀ ਤੇ ਗੁਰੂ ਹਰਗੋਬਿੰਦ ਜੀ ਪੈਂਦੇ ਖਾਂਨ ਨਾਲ ਪਿਆਰ ਰਖ ਦੇ ਸਨ ਤੇ ਪੈਂਦੇ ਖ਼ਾਂਨ ਭੀ ਗੁਰੂ ਜੀ ਦੇ ਲੂਣ ਖਾਦੇ ਦਾ ਹੱਕ ਪੂਰਾ ਪੂਰਾ ਦੇਂਦਾਂ ਰਿਹਾ ਤੇ ਸ਼ਾਹੀ ਫ਼ੌਜ ਦੇ ਮੁਕਾਬਲੇ ਵਿਖੇ ਗੁਰੂ ਜੀ ਦੇ ਨਾਲੋ ਨਾਲ ਰੈਹਕੇ ਜੰਗ ਕਰਦਾ ਰਿਹਾ ਨੌਕਰੀ ਦਾ ਹਕ ਖ਼ੂਬ ਅਦਾ ਕੀਤਾ ਪ੍ਰੰਤੂ ਇਕ ਵਾਰੀ ਗੁਰੂ ਹਰਗੋਬਿੰਦ ਜੀ ਦੇ ਵਡੇ ਪੁਤ੍ਰ ਬਾਬਾ ਗੁਰਦਿਤਾ ਜੀ ਦਾ ਬਾਜ਼ ਉਡਕੇ ਪੈਂਦੇ ਖਾਂਨ ਦੇ ਘਰ ਚਲਾ ਗਿਆ ਪੈਂਦੇ ਖ਼ਾਂਨ ਨੇ ਨਾਂ ਦਿੱਤਾ ਗੁਰੂ ਜੀ ਨੇ ਉਸਨੂੰ ਸ਼ਰਮਿੰਦਾ ਕੀਤਾ ਤਾਂ ਉਸਨੇ ਨਿਮਕ ਹਰਾਮੀ ਕੀਤੀ ਅਤੇ ਗੁਰੂ ਜੀਥੋਂ ਵਖਰਾ ਹੋਕੇ ਸੂਬੇਦਾਰ ਜਲੰਧਰ ਨਾਲ ਜਾ ਮਿਲਿਆ ਅਤੇ ਗੁਰੂ ਜੀ ਦਾ ਜਾਨੀ ਵੈਰੀ ਬਨ ਬੈਠਾ ਸੁਲਤਾਂਨ ਇਸਲਾਮ ਦੇ ਅਫ਼ਸਰਾਂ ਤੇ ਸੂਬੇ ਦਾਰਾਂ

ਪੰਜਾਬ ਦੀਆਂ ਅੱਖਾਂ ਵਿੱਚ ਗੁਰੂ ਹਰਗੋਬਿੰਦ ਜੀ ਦੀ ਚੜ੍ਹਦੀ ਕਲਾਂ ਕੰਡੇ ਵਾਂਗੂੰ ਚੁਭ ਰਹੀ ਸੀ ਇਸ ਵਾਸਤੇ ਗੁਰੂ ਜੀਦੇ ਮੁਕਾਬਲੇ ਵਾਸਤੇ ਪੈਂਦੇਖ਼ਾਂ ਤਿਆਰ ਕੀਤਾ ਗਿਆ ਪ੍ਰੰਤੂ ਉਸ ਫ਼ੌਜ ਨੇ ਭੀ ਹਾਰਹੀ ਖਾਧੀ ਪ੍ਰਮੇਸ਼ੁਰ ਦੀ ਕ੍ਰਿਪਾ ਦ੍ਰਿਸਟੀ ਕਿ ਮੁੱਠੀ ਭਰ ਆਦਮੀਆਂ ਨੇ ਫ਼ੌਜ ਸ਼ਾਹੀ ਪਰ ਫ਼ਤੇ ਪਾਈ ਪੈਂਦੇਖ਼ਾਂ ਉਸੇਹੀ ਲੜਾਈ ਵਿੱਚ ਮਾਰਿਆ ਗਿਆ ਸੂਬੇਦਾਰ ਜਲੰਧਰ ਦਾ ਪੁਤ੍ਰ ਭੀ ਇਸੇ ਲੜਾਈ ਵਿੱਚ ਕੰਮ ਆਯਾ ਫੇਰ ਸੂਬੇਦਾਰ ਨੇ ਆਪ ਚੜ੍ਹਾਈ ਕੀਤੀ ਪ੍ਰੰਤੂ ਫੇਰ ਭੀ ਹਾਰ ਹੀ ਖਾਧੀ ਇਸ ਲੜਾਈ ਵਿਖੇ ਇਸੇ ਵੈਰੀ ਦੇ ਪਾਸੇ ਦੇ ਸਿਪਾਹੀ ਤੁੰਦ, ਤੇ ਬਹਾਦੁਰ ਨੇ ਇੱਕ ਬੜਾ ਗ਼ਜ਼ਬਨਾਕ ਵਾਰ ਗੁਰਾਂ ਪਰ ਕੀਤਾ ਪ੍ਰੰਤੂ ਗੁਰੂ ਜੀਨੇ ਵਾਰ ਬਚਾਕੇ ਤੇ ਇਉਂ ਆਖਕੇ ਕਿ ਇਉਂ ਨਹੀਂ ਸਗੋਂ ਐਂਉ ਅਜੇਹਾ ਹੱਥ ਮਾਰਿਆ ਕਿ ਮਾਰ ਦਿੱਤਾ ਇਸ ਗਲ ਦਾ ਤਾਤ ਪ੍ਰਯ ਇਹੁ ਹੈ ਕਿ ਗੁਰੂ ਜੀ ਰਣ ਭੂਮੀ ਵਿਖੇ ਭੀ ਲੋਕਾਂ ਨੂੰ ਸ਼ਸਤ੍ਰੀ ਵਿਦਯਾ ਸਿਖਾਲਦੇ ਸੇ ਕਿ ਭਾਈ ਐਂਉ ਨਹੀਂ ਐਂਉ ਕਰੀਏ ॥

ਇਸੇ ਤਰਾਂਹੀ ਗੁਰੂ ਹਰਗੋਬਿੰਦ ਜੀ ਨੂੰ ਕਈ ਕਠੋਰ ਕਠਿਨਤਾ-ਈਆਂ ਝਲਨੀਆਂ ਪਈਆਂ ਤੇ ਹੁਣ ਜੋ ਵੈਰ ਭਾਵ ਤੇ ਪਾਪਾਂ ਦੇ ਹੋਣ ਕਰਕੇ ਅੱਗ ਭੜਕ ਉਠੀ ਸੀ ਅਤੇ ਆਪਣੀ ਕੈਦ ਦਾ ਰੰਜ ਤੇ ਪਿਤਾ ਜੀ ਦੇ ਕਤਲ ਦਾ ਗ਼ੁੱਸਾ ਦਿਲ ਵਿਚ ਖਟਕਦਾ ਸੀ ਇਸ ਵਾਸਤੇ ਗੁਰੂ ਹਰਗੋਬਿੰਦ ਜੀ ਦੀ ਹਾਲਤ

ਅਜੇਹੀ ਸੀ ਕਿ ਓਹੁ ਆਪਣੇ ਬਚਾਉ ਤੇ ਧਰਮ ਦੇ ਬਚਾਉ ਵਾਸਤੇ ਰਸਨਾ ਦੀ ਤਲਵਾਰ ਨਾਲ ਤਿਖੀ ਤੇਗ਼ ਵਰਗਾ ਭੀ ਜੌਹਰ ਨਾਲ ਦੇ ਨਾਲ ਦਿਖਾਈ ਜਾਂਦੇ ਸੇ ਗਲ ਕਾਹਦੀ ਜੋ ਕੁਛ ਕੀਤਾ ਦੁਖੀ ਆਕੇਹੀ ਕੀਤਾ ਜੇ ਆਪਣੇ ਸਮੇਂ ਦੇ ਬਾਦਸ਼ਾਹੁ ਦਾ ਮੁਕਾਬਲਾ ਕੀਤਾ ਤਾਂ ਆਪਣੀ ਪਤ ਬਚਾਉਨ ਵਾਸਤੇ ਕੀਤਾ ਜੇ ਤਲਵਾਰ ਚੁੱਕੀ ਤਾਂ ਆਪਣੇ ਆਪ ਨੂੰ ਵੈਰੀ ਥੀਂ ਬਚਾਉਨ ਵਾਸਤੇ ਚੁੱਕੀ ਜਦ ਉਨ੍ਹਾਂਨੇ ਆਪਣੇ ਪਿਤਾ ਨੂੰ ਬਿਨਾਂ ਕਿਸੇ ਕਾਰਨ, ਤੇ ਬਿਨਾਂ ਗੁਨਾਂਹ ਦੇ ਵੈਰੀ ਦੇ ਹਥੋਂ ਦੁਖ ਪਾਉਂਦੇ ਤੇ ਮੌਤਦਾ ਸ਼ਰਬਤ ਪੀਂਦੇ ਡਿੱਠਾ ਤਾਂ ਉਸਦੇ ਪਾਸ ਕੇਹੜੀ ਬਾਤ ਸੀ ਕਿ ਜਿਸ ਕਰਕੇ ਓਹੁ ਨਿਸ਼ੰਗ ਬੇਫ਼ਿਕਰ ਹੋਕੇ ਰਹਿੰਦੇ ਤੇ ਉਨ੍ਹਾਂਨੂੰ ਉਨ੍ਹਾਂਦੇ ਪਿਤਾ ਵਾਂਗੂੰ ਦੁਖ ਨਾਂ ਦੇਣਗੇ ਸੱਚ ਤਾਂ ਇਹੁ ਹੈ ਕਿ ਗੁਰੂ ਹਰਗੋਬਿੰਦ ਜੀ ਨੂੰ ਜੋ ਕੇਵਲ ਆਤਮਕ ਸਿਖ੍ਯਾ ਤੇ ਈਸ਼੍ਵਰ ਭਜਨ ਵਿਖੇ ਹਰ ਸਮੇ ਪਰ-ਵਿਰਤ ਰਹਿੰਦੇ ਸੇ ਉਨ੍ਹਾਂਨੂੰ ਕੇਤਾ ਅੰਦੇਸ਼ ਮੁਸਲਮਾਨਾਂ ਨੇ ਹੀ ਆਤਮਕ ਗੁਰੂ ਜੀ ਸੰਸਾਰਕ ਗੁਰੂ ਬਨਾਯਾ ਕਿਉਂਕਿ ਓਹੁ ਬੜੇ ਸੂਰਮੇ ਸੇ ਇਸ ਵਾਸਤੇ ਉਨ੍ਹਾਂਨੇ ਆਪਣੀ ਹਿੰਮਤ ਤੇ ਬਾਹੁਬਲ ਨਾਲ "ਰਾਜਮੇਂ ਜੋਗ ਕਮਾਓ" ਨੂੰ ਚੰਗੀ ਤਰਾਂ ਕਰਕੇ ਦਿਖਾ ਦਿੱਤਾ ਲਸ਼ਕਰ ਸ਼ਾਹੀ ਨੂੰ ਇਕ ਵੇਰੀ ਨਾਲੋਂ ਵਧ ਹਾਰਾਂ ਦੇਕੇ ਭੀ ਆਪਣੇ ਈਸ਼੍ਵਰ ਭਜਨ ਨੂੰ ਨਹੀਂ ਸੀ ਤਿਆਗਿਆ ਤੇ ਆਪਣੇ ਉਦੇਸ਼ ਪਰ ਲਗੇ ਰਹੇ ਇਨ੍ਹਾਂ ਸਭਨਾਂ

ਲੜਾਈਆਂ ਵਿੱਚ ਜਿਤ ਗੁਰੂ ਹਰਗੋਬਿੰਦ ਜੀ ਦੀ ਹੁੰਦੀ ਰਹੀ ਤੇ ਓਹੁ ਸਰਾਈ ਪਰ ਜੁਧ ਕਰਦੇ ਸੇ ਬਾਲਪੁਨੇ ਥੀਂ ਲੈਕੇ ਬੁਢਾਪੇ ਤਕ ਦੋਹਾਂ ਤੇਗ਼ ਤੇ ਦੇਗ ਦਾ ਕੰਮ ਕਰਦੇ ਰਹੇ ਅੰਤ ਸਮੇਂ ਦਰਯਾਇ ਸਤਲੁਜ ਦੇ ਕੰਢੇ ਕੀਰਤ ਪੁਰ ਨਗਰ ਵਿਖੇ ਜਾ ਰਹੇ ਤੇ ਓਥੇ ਈਸ੍ਵਰ ਵਿਖੇ ਲਿਵ ਲਗਾਕੇ ਸ਼ਾਂਤੀ ਦੇ ਨਾਲ ਸੰਮਤ ੧੭੦੧ ਵਿਚ ੪੯ ਵਰਹੇ ੯ ਮਹੀਨੇ ਦੀ ਉਮਰ ਭੋਗਕੇ ਸਮਾ ਗਏ ਤੇ ਜੇਹੜਾ ਅਗਨੀ ਕੁੰਡ ਧਾਰਮਕ ਦਾ ਗੁਰੂ ਨਾਨਕ ਦੇਵ ਜੀਨੇ ਪੁਟਾਯਾ ਸੀ ਤੇ ਜਿਸਨੂੰ ਚਾਰ ਗੁਰੂਆਂ ਨੇ ਇਕੋ ਜੇਹਾ ਤੇ ਸਾਫ਼ ਕੀਤਾ ਸੀ ਤੇ ਜਿਸ ਵਿੱਚ ਗੁਰੂ ਅਰਜਨ ਦੇਵ ਜੀਨੇ ਪੈਹਲੀ ਆਹੂਤੀ ਆਪਣੇ ਸ਼ਰੀਰ ਦੀ ਕੀਤੀ ਸੀ ਉਸਨੂੰ ਗੁਰੂ ਹਰਗੋਬਿੰਦ ਜੀਨੇ ਕਈਆਂ ਸਿਖਾਂ ਦੇ ਲਹੂਆਂ ਨਾਲ ਤੇ ਆਪਣੀ ਹਿੰਮਤ ਨਾਲ ਸਥਿਰ ਰਖਿਆ ਤੇ ਓੜਕ ਨੂੰ ਉਸਨੂੰ ਸੁਲਘਦੀ ਨੂੰ ਹੀ ਛੱਡਕੇ ਆਪ ਆਪਣੇ ਸ੍ਵਰੂਪ ਵਿਖੇ ਸਮਾ ਗਏ ਉਨ੍ਹਾਂਦੀ ਮ੍ਰਿਤਕ ਸੰਸਕਾਰ ਦੇ ਸਮੇਂ ਗੁਰੂ ਜੀ ਦੀ ਚਿਖ਼ਾ ਬਲਦੀ ਵਿੱਚ ਉਨ੍ਹਾਂਦੇ ਰਾਜਪੂਤ ਤੇ ਹੋਰ ਸਿਖਾਂ ਨੇ ਛਾਲਾਂ ਮਾਰਕੇ ਗੁਰੂ ਹਰਗੋਬਿੰਦ ਜੀ ਦੀ ਸ਼ਰਨੀ ਪੈਕੇ ਆਪਣੀਆਂ ਜਾਨਾਂ ਦੇ ਦਿੱਤੀਆਂ ਤੇ ਇਹੁ ਗੁਰੂ ਜੀ ਪਰ ਭਰੋਸਾ ਸਿਦਕ, ਪ੍ਰੇਮ ਉਸ ਆਹੂਤੀ ਨੂੰ ਪ੍ਰਗਟ ਕਰਨ ਲਈ ਸੀ ਜੋ ਧਾਰਮਕ ਦੀ ਅਗਨੀ ਕੁੰਡ ਵਿਖੇ ਪੈਨ ਵਾਲੀ ਸੀ ਜਿਨ੍ਹਾਂਦੇ ਸਿਖ ਅਜੇਹੇ ਜਾਂਨ ਕੁਰਬਾਂਨ ਕਰਨ ਵਾਲੇ ਹੋਣ

ਓਹੁ ਜੇਕਰ ਫ਼ਤੇ ਨਾਂ ਪੌਣ ਤਾਂ ਅਫ਼ਸੋਸ ਹੈ॥

ਈਸ਼੍ਵਰ ਭਗਤੀ ਦੇ ਨਾਲ ਦੇਸ਼ ਭਗਤੀ ਨੇ ਇਸ ਗੁਰੂ ਜੀ ਦੇ ਸਮੇਂ ਵਿਖੇ ਸਿਖਾਂਦੀ ਗਿਨਤੀ ਬਹੁਤ ਹੀ ਵਧਾ ਦਿੱਤੀ ਤੇ ਆਮਦਨੀ ਦਾ ਨਿਯਮ ਗੁਰੂ ਅਰਜਨ ਦੇਵਜੀ ਵਰਗਾ ਹੀ ਰਿਹਾ ਇਸ ਕਰਕੇ ਸਿੱਖਾਂ ਦੀ ਇਕ ਭਾਂਤਦੀ ਰਿਆਸਤ ਹੀ ਬਨ ਗਈ ਸੀ ਇਸ ਗੁਰੂ ਜੀਦਾ ਖ਼ਿਆਲ ਥੋੜਾ ਥੋੜਾ ਵੇਦਾਂਤ ਮਤਵਲ ਭੀ ਸੀ ਪ੍ਰੰਤੂ ਕਈ ਬਾਤਾਂ ਅਜੇਹੀਆਂ ਸਨ ਜਿਨ੍ਹਾਂ ਕਰਕੇ ਜਾਣਿਆ ਜਾਂਦਾ ਸੀ ਕਿ ਗੁਰੂ ਜੀ ਵੇਦਾਂਤੀ ਨਹੀਂ ਸੇ ਇੱਕ ਵੇਰੀ ਉਨ੍ਹਾਂਦੇ ਪਾਸ ਇਹੁ ਪ੍ਰਸ਼ਨ ਆਯਾ ਕਿ ਇਕ ਭਰਾ ਆਪਣੀ ਭੈਨ ਨਾਲ ਵਿਆਹੁ ਕਰਨਾਂ ਚਾਹੁੰਦਾ ਹੈ ਪ੍ਰੰਤੂ ਜਦ ਗੁਰੂ ਜੀ ਪਾਸੋਂ ਇਹੁ ਬਾਤ ਪੁੱਛੀ ਗਈ ਤਾਂ ਉਨ੍ਹਾਂਨੇ ਆਗਿਆ ਨਾਂ ਦਿੱਤੀ ਤੇ ਕਿਹਾ ਕਿ ਈਸ਼੍ਵਰ ਨੇ ਇਹੁ ਆਗਯਾ ਨਹੀਂ ਦਿੱਤੀ ਇਸ ਥੀਂ ਇਹੁ ਜਾਣਿਆ ਜਾਂਦਾ ਹੈ ਕਿ ਓਹੁ ਵੇਦਾਂਤੀ ਨਹੀਂ ਸੇ ਕਿਉਂਕਿ ਈਸ਼੍ਵਰ ਭਜਨ ਵਿਖੇ ਭੀ ਬੜੇਹੀ ਲਗੇ ਰਹਿੰਦੇ ਤੇ ਹਰ ਸਮੇਂ ਵੇਦਾਂਤੀ ਖ਼ਿਆਲ ਦੀਆਂ ਵਾਰਤਾ ਹੁੰਦੀਆਂ ਰਹਿੰਦੀਆਂ ਸਨ ਸ਼ਾਇਦ ਇਸ ਕਰਕੇ ਵੇਦਾਂਤੀ ਹੋਣਦਾ ਖ਼ਿਆਲ ਹੋਗਿਆ ਹੋਵੇਗਾ॥

ਗੁਰੂ ਹਰਿਰਾਇ ਜੀ ਸ਼ਰੀਰ ਤਿਆਗਨੇ ਥੀਂ ਪੈਹਲੇ ਗੁਰੂ ਹਰਿ ਗੋਬਿੰਦ ਸਾਹਿਬ ਜੀਨੇ ਗੱਦੀ ਆਪਣੇ ਪੋਤ੍ਰੇ ਬਾਬੇ ਗੁਰਦਿਤੇ ਦੇ ਸਪੁਤ੍ਰ ਗੁਰੂ ਹਰਿਰਾਇ ਜਿਨ੍ਹਾਂਦੀ ਉਮਰ ੧੪ ਵਰਹੇ ਦੀ

ਸੀ ਦਿੱਤੀ ਬਾਬਾ ਗੁਰਦਿੱਤਾ ਜੀ ਪਿਤਾ ਥੀਂ ਪੈਹਲੇ ਸ਼ਰੀਰ ਤਿਆਗ ਚੁੱਕੇ ਸੇ ਭਾਵੇਂ ਹੋਰ ਭੀ ਖ਼ਾਨਦਾਨ ਵਿਖੇ ਅਛੇ ਪੁਰਖ ਯੋਗ ਸੇ ਪ੍ਰੰਤੂ ਵਡਿਆਈ ਦੇ ਨਿਸ਼ਾਨ ਗੁਰੂ ਹਰਰਾਇ ਜੀ ਦੇ ਮੱਥੇ ਪਰ ਚਮਕਦੇ ਸੇ ਇਸ ਵਾਸਤੇ ਉਨ੍ਹਾਂ ਨੂੰ ਹੀ ਗੱਦੀ ਲਈ ਚੁਣਿਆ ਗਿਆ ਤੇ ਸ਼ਰੀਰ ਤਿਆਗਨੇ ਥੀਂ ਕਈ ਮਹੀਨੇ ਪੈਹਲੇ ਹੀ ਗੱਦੀ ਪਰ ਬੈਠਾ ਦਿੱਤਾ ਤੇ ਆਪ ਤਿਆਗੀ ਹੋਗਏ ਇਸ ਵਿੱਚ ਭੀ ਭੇਦ ਸੀ ਜੋ ਸਮੇਂ ਦੇ ਵਿਦਵਾਨਾਂ ਨੂੰ ਮਲੂਮ ਹੋ ਸਕਦਾ ਹੈ ਗੁਰੂ ਹਰਰਾਇ ਜੀ ਸੁਲਾਹਪਸੰਦ ਤੇ ਸ਼ਾਂਤ ਸੁਭਾਵ ਸੇ ਓਹ ਈਸ਼੍ਵਰ ਦੇ ਭਜਨ, ਤੇ ਹਕ ਸ਼ਨਾਸੀ, ਤੇ ਵੇਦਾਂਤ, ਕਵੀਸ਼ਰੀ ਦੇ ਹਾਸਲ ਕਰਨ ਵਲ ਲਗੇ ਹੋਏ ਸੇ ਕਿਉਂਕਿ ਸ਼ਾਹਜਹਾਂਨ ਦੇ ਚੌਹਾਂ ਪੁਤ੍ਰਾਂ ਵਿੱਚ ਲੜਾਈ ਸੀ ਉਸ ਸਮੇਂ ਇਸ ਕਰਕੇ ਗੁਰੂ ਜੀਦੇ ਵਿਰੁਧ ਮੁਸਲਮਾਨਾਂ ਨੂੰ ਕੋਈ ਗਲ ਕਰਨ ਦਾ ਸਮਾ ਨਾਂ ਲੱਭਾ ਪਰ ਫੇਰ ਭੀ ਇਕ ਦੋ ਵੇਰੀ ਮੁਸਲਮਾਨਾਂ ਨੇ ਉਨ੍ਹਾਂ ਪਰ ਚੜ੍ਹਾਈ ਕੀਤੀ ਪਰ ਕੋਈ ਫਲ ਚੰਗਾ ਪ੍ਰਗਟ ਕਰਨ ਵਾਲਾ ਨਾ ਨਿਕਲਿਆ ਉਨ੍ਹਾਂ ਦੀ ਮਿਤ੍ਰਤਾ ਤੇ ਲਗਾਤਾਰ ਅਮਨ ਦੀ ਜ਼ਿੰਦਗੀ ਵਿੱਚ ਇਕ ਅਜੇਹੀ ਗਲ ਹੋਈ ਕਿ ਉਸ ਕਰਕੇ ਅਮਨ ਵਿੱਚ ਕੁਛ ਫ਼ਰਕ ਪੈ ਗਿਆ ਜਦ ਦਾਰਾਸ਼ਕੋਹ ਆਪਣੇ ਭਰਾ ਔਰੰਗਜ਼ੇਬ ਪਾਸੋਂ ਹਾਰ ਖਾਕੇ ਪੰਜਾਬ ਦੀ ਵਲ ਭੱਜਿਆ ਤਾਂ ਗੁਰੂ ਹਰਿ-ਰਾਇ ਜੀਨੇ ਕੁਛ ਸਹਾਇਤਾ ਦਿੱਤੀ ਪਰ ਦਾਰਾਸ਼ਕੋਹ ਓੜਕ

ਨੂੰ ਮਾਰਿਆ ਹੀ ਗਿਆ ਗੁਰੂ ਜੀ ਨੂੰ ਔਰੰਗਜ਼ੇਬ ਨੇ ਦੁਖੀ ਕਰਕੇ ਉਨ੍ਹਾਂ ਦਾ ਵਡਾ ਪੁਤ੍ਰ ਰਾਮਰਾਇ ਆਪਣੇ ਪਾਸ ਬੁਲਾਲੀਤਾ ਪ੍ਰੰਤੂ ਕੁਛ ਸਮੇਂ ਦੇ ਮਗਰੋਂ ਉਸਨੂੰ ਮੋੜ ਦਿੱਤਾ ਇਹੁ ਗੁਰੂ ਜੀ ਐਨੇ ਨਰਮ ਦਿਲ ਤੇ ਸ਼ਾਂਤੀ ਸੁਭਾਉ ਵਾਲੇ ਸੇ ਕਿ ਫੁੱਲ ਦਾ ਤੋੜਨਾ ਭੀ ਬੁਰਾ ਸਮਝਦੇ ਸੇ ਜਦੋਂ ਕਦੀ ਬਾਗ਼ ਵਿੱਚ ਜਾਂਦੇ ਤਾਂ ਆਪਣੇ ਜਾਮੇ ਦਾ ਪੱਲਾ ਚੁੱਕਕੇ ਤੁਰਦੇ ਕਿ ਕੋਈ ਫੁਲ ਦੀ ਪੰਖੜੀ ਭੀ ਨਾਂ ਡਿਗ ਜਾਵੇ ਸੰਮਤ ੧੭੧੮ ਬਿਕ੍ਰਮੀ ਵਿੱਚ ਸਮਾਏ ॥

ਗੁਰੂ ਹਰਿ ਕ੍ਰਿਸ਼ਨ ਜੀ ਗੁਰੂ ਹਰਿ ਰਾਇ ਜੀ ਦੇ ਮਗਰੋਂ ਸ੍ਰੀ ਹਰ ਕ੍ਰਿਸ਼ਨ ਜੀ ਗੱਦੀ ਪਰ ਬੈਠੇ ਇਸ ਵੇਲੇ ਇਨਾਂ ਦੀ ਉਮਰ ਪੰਜ ਵਰਹੇ ਤੇ ਤਿੰਨ ਮਹੀਨੇ ਦੀ ਸੀ ਗੁਰੂ ਹਰਿ ਰਾਇ ਜੀ ਦਾ ਵਡਾ ਪੁਤ੍ਰ ਰਾਮ ਰਾਇ ਜੀਉਦਾਸੀ ਪ੍ਰੰਤੂ ਉਹ ਉਚੀ ਜ਼ਾਤ ਦੀ ਖਤ੍ਰਾਨੀ ਦੇ ਪੇਟੋ ਨਹੀਂ ਸੀ ਤੇ ਹੋਰ ਉਸਦੇ ਖ਼ਿਆਲਾਤ ਭੀ ਆਪਣੇ ਪਿਤਾ ਦੀ ਸਿਖਜਾ ਦੇ ਵਿਰੁਧਸਨ ਇਸ ਕਰਕੇ ਉਸ ਨੂੰ ਛੱਡ ਕੇ ਗੱਦੀ ਛੋਟੇ ਨਾਬਾਲਗ਼ ਬੇਟੇ ਨੂੰ ਦਿੱਤੀ ਗਈ ਰਾਮ ਰਾਇ ਨੇ ਓੜਕ ਨੂੰ ਝਗੜਾ ਬਾਦਸ਼ਾਹ ਦਿੱਲੀ ਤਕ ਪੁਚਾਯਾ ਅਤੇ ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਨੂੰ ਦਰਬਾਰ ਵਿੱਚ ਬੁਲਾਯਾ ਸੋ ਆਪਣੀ ਮਾਈ ਦੇ ਸਮੇਤ ਓਥੇ ਗਏ ਕਿਉਂਕਿ ਸਭ ਕੰਮ ਕਾਰ ਮਾਤਾ ਜੀਨੇ ਸੰਭਲਿਆ ਹੋਯਾ ਸੀ ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਜੀਨੂੰ ਹੀ ਗੱਦੀਨਸ਼ੀਨ ਮੁਕਰਰ ਕੀਤਾ

ਪ੍ਰੰਤੂ ਦਿੱਲੀ ਮੁੜਨ ਥੀਂ ਪੈਹਲੇ ਕੁਛ ਦਿਨ ਓਹੁ ਚੀਚਕ ਦੇ ਰੋਗ ਵਿਖੇ ਗ੍ਰਸੇ ਗਏ ਤੇ ਸਤ ਵਰਹੇ ਦੀ ਉਮਰ ਵਿੱਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਸਮਾ ਗਏ ਇਸ ਵਾਸਤੇ ਕੋਈ ਗਲ ਵਰਨੰਨ ਯੋਗ ਇਨਾਂ ਪਾਸੋਂ ਨਾ ਹੋਈ ॥

ਸ੍ਰੀ ਗੁਰੂ ਤੇਗਬਹਾਦੁਰ ਜੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮਾਉਨ ਮਗਰੋਂ ਰਾਮ ਰਾਇ ਉਨਾਂ ਦੇ ਵਡੇ ਭਰਾ ਨੇ ਫਿਰ ਦਾਵਾ ਪੇਸ਼ ਕੀਤਾ ਏਸੇ ਤਰਾਂ ਗੁਰੂ ਹਰਿ ਰਾਇ ਜੀ ਦੇ ਭਾਈ ਧੀਰਮਲ ਨੇ ਭੀ ਹੋਰ ਭੀ ਕਈ ਗੁਰੂ ਹਰ ਗੋਬਿੰਦ ਜੀ ਦੇ ਖ਼ਾਂਨ ਦਾਂਨ ਦੇ ਮੈਂਮਬਰ ਆਦਿਕ ਗੁਰੂ ਗੱਦੀ ਦੇ ਦਾਵੇਦਾਰ ਬਨ ਬੈਠੇ ਸਗੋਂ ਹਰ ਇਕ ਨੇ ਆਪਣੇ ਆਪ ਨੂੰ ਗੁਰੂ ਜੀ ਦੀ ਗੱਦੀ ਦਾ ਮਾਲਕ ਬਨਾਕੇ ਕੰਮ ਕਰਨਾਂ ਆਰੰਭ ਕਰ ਦਿੱਤਾ ਪ੍ਰੰਤੂ ਸਭਨਾਂ ਸਿਖਾਂ ਨੇ ਸ੍ਰੀ ਗੁਰੂ ਤੇਗ਼ਬਹਾਦੁਰ ਜੀ ਨੂੰ ਗੁਰੂ ਹਰ ਗੋਬਿੰਦ ਜੀ ਦੇ ਪੁਤ੍ਰ ਨੂੰ ਹੀ ਗੁਰੂ ਚੁਣਿਆ ਕਿਉਂਕਿ ਉਸ ਵਿੱਚ ਹੀ ਇਸ ਉਚ ਪਦਵੀ ਦੀ ਯੋਗਤਾ ਪਾਈ ਜਾਂਦੀ ਸੀ ਇਸ ਵੇਲੇ ਸਿਖ ਅਜੇਹੇ ਯੋਗ ਹੋਗਏ ਸੇ ਕਿ ਓਹੁ ਆਪਣੇ ਲਈ ਆਪਣਾਂ ਗੁਰੂ ਲੋੜ ਦੇ ਅਨੁਸਾਰ ਆਪ ਪਸੰਦ ਕਰ ਲੈਣ ਭਾਵੇਂ ਕਿਹਾ ਜਾਂਦਾ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਨੇ ਆਪ ਉਨ੍ਹਾਂ ਨੂੰ ਚੁਣਿਆ ਸੀ ਪ੍ਰੰਤੂ ਇਕ ਸਤ ਵਰਹੇ ਦਾ ਲੜਕਾ ਕਿਸ ਤਰਾਂ ਇਸ ਗਲ ਦੇ ਯੋਗ ਹੋ ਸਕਦਾ ਹੈ ਕਿ ਆਪਣਾ ਜਾਨਸ਼ੀਨ ਆਪ ਮੁਕਰਰ ਕਰੇ ਬਹੁਤ ਕਰਕੇ ਤੇ ਇਹੁ ਪ੍ਰਤੀਤ ਹੁੰਦਾ ਹੈ ਕਿ ਸਿਖਾਂ ਨੇ ਹੀ ਇਹੁ

ਗਲ ਪ੍ਰਗਟ ਕੀਤੀ ਹੋਵੇਗੀ ਕਿ ਸਭ ਸਿਖ ਗੁਰੂ ਤੇਗ਼ਬਾਹਦੁਰ ਜੀ ਨੂੰ ਆਪਣਾ ਗੁਰੂ ਨਿਸਚਜ ਕਰਨ ਚੁਨਾਂਚਿ ਇਹੁ ਹਿਕਮਤ ਅਮਲੀ ਕੰਮ ਕਰ ਗਈ ਸਭ ਸਿਖਾਂ ਨੇ ਗੁਰੂ ਤੇਗ਼ਬਹਾਦੁਰ ਜੀ ਨੂੰ ਹੀ ਗੱਦੀ ਨਸ਼ੀਨ ਜਾਤਾ ਤੇ ਦੂਜੇ ਝੂਠਿਆਂ ਗੁਰੂਆਂ ਨੂੰ ਝੂਠਾ ਵਿਦਤ ਕਰ ਦਿਖਾਯਾ ਭਾਵੇਂ ਸ੍ਰੀ ਗੁਰੂ ਤੇਗ਼ਬਹਾਦੁਰ ਜੀ ਨੇ ਪੈਹਲੇ ਬਿਨਾ ਇਕਾਂਤੀ ਕੋਈ ਗਲ ਗੱਦੀ ਤੇ ਬੈਠਣ ਦੀ ਪਸੰਦ ਨਾ ਕੀਤੀ ਤੇ ਗੱਦੀ ਦੇ ਭਾਰ ਨੂੰ ਚੁਕਨਾਂ ਨਾਂ ਸ੍ਵੀਕਾਰ ਕੀਤਾ ਪ੍ਰੰਤੂ ਸਿਖਾਂ ਦੇ ਨਿਸ਼ਚਜ ਨੂੰ ਦੇਖ ਕੇ ਗੁਰੂ ਬਨਨਾ ਹੀ ਪਿਆ ਰਾਮ ਰਾਇ ਤੇ ਧੀਰਮਲ ਆਦਿਕਾਂ ਨੇ ਵਿਰੋਧਤਾਈ ਕਰਨੀ ਆਰੰਭ ਕੀਤੀ ਤੇ ਸਦੀਵ ਗੁਰੂ ਤੇਗ਼ਬਹਾਦੁਰ ਜੀ ਨੂੰ ਦੁਖ ਕਸ਼ਟ ਦੇਣ ਲਗੇ ਭਾਵੇਂ ਇੱਕ ਵਾਰੀ ਹਮਲਾ ਕਰਕੇ ਸ੍ਰੀ ਗੁਰੂ ਤੇਗ਼ਬਹਾਦੁਰ ਜੀ ਦਾ ਮਾਲ ਮਤਾਹ ਭੀ ਲੁਟ ਲੀਤਾ ਕਿਉਂਕਿ ਗੁਰੂ ਤੇਗ਼ਬਹਾਦੁਰ ਜੀ ਸ੍ਰੀ ਗੁਰੂ ਹਰ ਗੋਬਿੰਦ ਜੀ ਦੇ ਛੋਟੇ ਪੁਤ੍ਰ ਸੇ ਤੇ ਓਹੁ ਇਸੇ ਕਰਕੇ ਬੜਾ ਪਿਆਰ ਕਰਦੇ ਹੁੰਦੇ ਸੇ ਤੇ ਇਹੁ ਲੜਾਈਆਂ ਭੜਾਈਆਂ ਵਿੱਚ ਭੀ ਨਾਲ ਹੀ ਰਿਹਾ ਕਰਦੇ ਸੇ ਇਸ ਕਰਕੇ ਇਹੁ ਬੜਾ ਬੁਧਵਾਨ ਯੋਗ ਪੁਰਖ ਗਿਣਿਆ ਜਾਂਦਾ ਸੀ ਪ੍ਰੰਤੂ ਇਕਾਂਤ ਬ੍ਰਿਤੀ ਦੇ ਸੁਭਾਵ ਨੇ ਇਨ੍ਹਾਂ ਦੇ ਸੁਭਾਵ ਨੂੰ ਨਰਮ ਕਰ ਦਿੱਤਾ ਸੀ ਤੇ ਕੁਛ ਵੈਰੀਆਂ ਦੇ ਜਥੇ ਪੱਕੇ ਸੇ ਇਸ ਕਰਕੇ ਓਹੁ ਇਨ੍ਹਾਂ ਥੀਂ ਤੰਗ ਆ ਗਏ ਤੇ ਔਰੰਗਜ਼ੇਬ ਭੀ ਪਸੰਦ ਨਹੀਂ ਕਰਦਾ ਸੀ ਕਿ ਇਹੁ ਫਿਰਕਾ

ਬਲਵਾਨ ਹੋ ਜਾਵੇ ਇਸ ਵਾਸਤੇ ਚੌਹਾਂ ਪਾਸਿਆਂ ਥੀਂ ਵੈਰ ਭਾਵ ਵੈਰੀ ਕਰਦੇ ਸੇ ਤਾਂ ਗੁਰੂ ਜੀ ਅੰਮ੍ਰਿਤਸਰ ਚਲੇ ਗਏ ਓਥੋਂ ਦੇ ਪੂਜਾਰੀਆਂ ਨੇ ਦਰਬਾਰ ਸਾਹਿਬ ਦਾ ਬੂਹਾ ਬੰਦ ਕਰ ਕੀਤਾ ਤੇ ਗੁਰੂ ਜੀ ਨੂੰ ਅੰਦਰ ਨਾਂ ਜਾਣ ਦਿੱਤਾ ਤਾਂ ਗੁਰੂ ਜੀ ਇਥੋਂ ਨਿਰਾਸ ਹੋਕੇ ਮੁੜੇ ਤੇ ਆਪਣੀ ਜ਼ਿੰਦਗੀ ਨੂੰ ਆਪਣੇ ਸਾਕਾਂ ਅੰਗਾਂ ਥੀਂ ਜੋ ਗੱਦੀ ਦਾ ਦਾਵਾ ਕਰਦੇ ਸੇ ਦੁਖ ਵਿਖੇ ਵੇਖ ਕਰਕੇ ਦੇਸ ਛਡ ਜਾਣ ਦੀ ਇੱਛਾ ਕਰਕੇ ਦੇਸ਼ ਭ੍ਰਮਨ ਕਰਨ ਲਗੇ ਤੇ ਚਾਹਿਆ ਕਿ ਪੰਜਾਬ ਨੂੰ ਛੱਡ ਕੇ ਦੂਸਰੇ ਦੇਸ ਜਾਕੇ ਆਪਣੀ ਸਿਖਯਾ ਦਾ ਪ੍ਰਚਾਰ ਕਰੀਏ ਕੈਂਹਦੇ ਹਨ ਕਿ ਗੁਰੂ ਤੇਗ਼ਬਹਾਦੁਰ ਜੀ ਨੇ ਬਲ ਵਧਾਉਨਾਂ ਆਰੰਭ ਕਰ ਦਿੱਤਾ ਸੀ ਇਸ ਲਈ ਔਰੰਗਜ਼ੇਬ ਨੇ ਉਨ੍ਹਾਂ ਨੂੰ ਦਰਬਾਰ ਵਿੱਚ ਦੁਖ ਦੇਣ ਲਈ ਬੁਲਾਯਾ ਪ੍ਰੰਤੂ ਰਾਜੇ ਜੈਪੁਰ ਦੀ ਸਫ਼ਾਰਸ਼ ਨਾਲ ਓਹ ਉਸਦੇ ਨਾਲ ਮੁਹਿੰਮ ਬੰਗਾਲਾ ਤੇ ਆਸਾਮ ਨੂੰ ਚਲੇ ਗਏ ਕੁਛ ਹੀ ਕਾਰਨ ਹੋਵੇ ਗੁਰੂ ਤੇਗ਼ਬਹਾਦੁਰ ਬੌਹਤ ਸਮਾ ਬੰਗਾਲੇ ਤੇ ਆਸਾਮ ਦੀ ਵਲ ਗੁਰੂ ਨਾਨਕ ਦੇਵ ਜੀ ਦੀ ਸਿਖਯਾ ਦਾ ਪ੍ਰਚਾਰ ਕਰਦੇ ਰਹੇ ਰਾਜੇ ਜੈਪੁਰ ਨਾਲ ਆਸਾਮ ਤਕ ਗਏ ਤੇ ਉਨ੍ਹਾਂ ਦੀ ਲੜਾਈਆਂ ਵਿਖੇ ਨਾਲ ਰਹੇ ਇਸੇ ਉਦਾਸੀ ਦੇ ਸਮੇਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਪਟਨੇ ਵਿਖੇ ਜਨਮੇ ਤੇ ਓੜਕ ਨੂੰ ਸੰਮਤ ੧੭੨੪ ਬਿਕ੍ਰਮੀ ਵਿਖੇ ਗੁਰੂ ਤੇਗ਼ਬਹਾਦੁਰ ਜੀ ਪੰਜਾਬ ਵਲ ਮੁੜ ਆਏ ਤੇ ਇੱਕ ਕਿਤਾ ਧਰਤੀ ਦਾ ਦਰਯਾਇ

ਸਤਲੁਜ ਦੇ ਕੰਢੇ ਪਰ ਖ਼ਰੀਦ ਕੇ ਇਕ ਪਿੰਡ ਬਸਾਯਾ ਜਿਸ ਦਾ ਨਾਉਂ ਆਨੰਦਪੁਰ ਰਖਿਆ ਪ੍ਰੰਤੂ ਹੁਣ ਓਹੁ ਮਾਖੋਵਾਲ ਦੇ ਨਾਉਂ ਉਤੇ ਪ੍ਰਗਟ ਹੈ ਓਥੇ ਗੁਰੂ ਤੇਗ਼ਬਹਾਦੁਰ ਜੀ ਨੇ ਆਪਣੇ ਪਿਤਾ ਦਾ ਰਵੱਯਾ ਇਖ਼ਤਿਆਰ ਕੀਤਾ ਕਿਉਂਕਿ ਆਪਣੇ ਤੇ ਬੇਗਾਨੇ ਅਜੇ ਸਾਰੇ ਹੀ ਘਾਤ ਵਿਖੇ ਸੇ ਉਨ੍ਹਾਂਦੀ ਤਾਕਤ ਵਿਖੇ ਰੋੜ ਅਟਕਾਂਉਦੇ ਸੇ ਗੁਰੂ ਤੇਗ਼ਬਹਾਦੁਰ ਜੀ ਨੇ ਤਜਰਬੇ ਦੀਆਂ ਅਖਾਂ ਨਾਲ ਦੇਖਿਆ ਕਿ ਹੁਣ ਨਰਮੀ ਤੇ ਸ਼ਾਂਤੀਦਾ ਕੰਮ ਨਹੀਂ ਰਿਹਾ ਇਸ ਲਈ ਪਿਤਾ ਦੇ ਵਾਂਗੂ ਸਿਪਾਹੀਆਂ ਦਾ ਭਰਾਵਾ ਇਖ਼ਤਿਆਰ ਕੀਤਾ ਤੇ ਤਲਵਾਰ ਸੰਭਾਲੀ ਸਿਖ ਤਿਆਰ ਬਰ ਤਿਆਰ ਤਾਂ ਅਗੇਹੀ ਸੇ ਤੇ ਸਮਾ ਦੇਖ ਰਹੇ ਸੇ ਇਸ ਵਾਸਤੇ ਫਿਰ ਬਲ ਪਕੜਨ ਲਗੇ ਦੂਜੇ ਪਾਸੇ ਔਰੰਗਜ਼ੇਬ ਇਕ ਤਾਂ ਮੁਸਲਮਾਂਨ ਕੱਟਾ ਸੀ ਤੇ ਜੋਰੋ ਧਿੰਙੀ ਪਿੰਡਾਂ ਦੇ ਪਿੰਡ ਹਜ਼ਾਰਾਂ ਲਖਾਂ ਹਿੰਦੂਆਂ ਨੂੰ ਮੁਸਲਮਾਂਨ ਕਰ ਰਿਹਾ ਸੀ ਦੂਜਾ ਸਿਖਾਂ ਦੇ ਬਲਦਾ ਵਧਣਾ ਰੋਯਾ ਸਰਪ ਪਾਲਨਾ ਹੈ ਤੀਸਰਾ ਗੁਰੂ ਤੇਗ਼ਬਹਾਦੁਰ ਜੀ ਦੀ ਤਬਦੀਲੀ ਹਾਲਤ ਨੇ ਚੌਥਾ ਬੌਹਤ ਕਰਕੇ ਉਸਨੂੰ ਇਹੁ ਖ਼ਿਆਲ ਹੋਗਿਆ ਹੋਵੇਗਾ ਕਿ ਜੇਕਰ ਗੁਰੂ ਤੇਗ਼ਬਹਾਦੁਰ ਜੀ ਬਦੋਬਦੀ ਮੁਸਲਮਾਂਨ ਕੀਤੇ ਗਏ ਤਾਂ ਖ਼ਬਰੇ ਸਿਖ ਭੀ ਸਭ ਮੰਨ ਜਾਣਗੇ ਹੋਰ ਇੱਕ ਕਹਾਵਤ ਭੀ ਕੈਹੰਦੇ ਹਨ ਕਿ ਕਸ਼ਮੀਰ ਆਦਿਕ ਦੇ ਬ੍ਰਾਹਮਣਾਂ ਨੇ ਔਰੰਗਜ਼ੇਬ ਨੂੰ ਕਿਹਾ

ਕਿ ਜੇਕਰ ਉਨ੍ਹਾਂ ਦਾ ਗੁਰੂ ਗੁਰੂ ਤੇਗ਼ਬਹਾਦੁਰ ਮੁਸਲਮਾਨ ਹੋ ਜਾਵੇ ਤਾਂ ਓਹ ਸਭ ਪ੍ਰਸੰਨਤਾ ਨਾਲ ਮੁਸਲਮਾਨ ਬਨ ਜਾਣਗੇ ਆਖਦੇ ਹਨ ਕਿ ਬ੍ਰਾਹਮਣਾਂ ਦੀ ਇਹ ਦੂਰਖੀ ਚਾਲ ਸੀ ਕਿਉਂਕਿ ਬ੍ਰਾਹਮਣ ਗੁਰੂ ਜੀ ਨੂੰ ਆਪਣਾਂ ਪੇਸ਼ਵਾ ਭੀ ਨਹੀਂ ਮੰਨਦੇ ਸੇ ਕਿਉਂ ਜੋ ਗੁਰੂ ਜੀ ਬ੍ਰਾਹਮਣ ਧਰਮ ਦੇ ਵਿਰੁਧ ਉਪਦੇਸ਼ ਕਰਦੇ ਸੇ ਚਾਲ ਇਹ ਸੀ ਕਿ ਔਰੰਗਜ਼ੇਬ ਨੇ ਜੇਕਰ ਗੁਰੂ ਨੂੰ ਮੁਸਲਮਾਨ ਕਰ ਦਿੱਤਾ ਤਾਂ ਬ੍ਰਾਹਮਣਾਂ ਦੇ ਧਰਮ ਦਾ ਦੋਖੀ ਮਾਰਿਆ ਗਿਆ ਤੇ ਜੇਕਰ ਗੁਰੂ ਤੇਗ਼ਬਹਾਦੁਰ ਜੀ ਨੇ ਕੁਛ ਆਪਣਾ ਆਪ ਦਿਖਾਯਾ ਤੇ ਮੁਸਲਮਾਨਾ ਦੇ ਰਾਜ ਵਿੱਚ ਬੁਰਾ ਹੋਯਾ ਤਾਂ ਭੀ ਉਨ੍ਹਾਂ ਦਾ ਇੱਕ ਜਾਨੀ ਵੈਰੀ ਮੋਯਾ ਭਾਵੇਂ ਕੁਛ ਹੀ ਕਾਰਨ ਸੀ ਔਰੰਗਜ਼ੇਬ ਨੇ ਗੁਰੂ ਤੇਗ਼ਬਹਾਦੁਰ ਜੀ ਦੇ ਬਲ ਨੂੰ ਆਰੰਭ ਵਿੱਚ ਹੀ ਰੋਕਨਾ ਚਾਹਿਆ ਗਲ ਕਾਹਦੀ ਓੜਕ ਨੂੰ ਔਰੰਗਜ਼ੇਬ ਨੇ ਗੁਰੂ ਤੇਗ਼ਬਹਾਦੁਰ ਜੀ ਨੂੰ ਦਿੱਲੀ ਵਿਖੇ ਬੁਲਾਯਾ ਏਧਰ ਗੁਰੂ ਤੇਗ਼ਬਹਾਦੁਰ ਜੀ ਨੇ ਸਦਨ ਥੀਂ ਪੈਹਲੇ ਹੀ ਇਰਾਦਾ ਕਰ ਲੀਤਾ ਸੀ ਕਿ ਓਹ ਧਰਮ ਦੇ ਲਈ ਦੇਸ਼ ਭਗਤੀ ਦੀ ਅਗਨੀ ਕੁੰਡ ਵਿਖੇ ਆਪਨੇ ਸ਼ਰੀਰ ਦੀ ਆਹੂਤੀ ਪਾਕੇ ਉਸ ਅੱਗ ਨੂੰ ਪ੍ਰਗਟ ਕਰਨ ਲਈ ਚਾਹੁੰਦੇ ਸੇ ਆਪਣੇ ਸਪੁਤ੍ਰ ਗੁਰੂ ਗੋਬਿੰਦਸਿੰਘ ਜੀ ਨੂੰ ਜਿਸਦੀ ਉਮਰ ਉਸ ਵੇਲੇ ੧੫ ਬਰਸ ਦੀ ਸੀ ਤਿਸਨੂੰ ਗੁਰੂ ਹਰਗੋਬਿੰਦ ਜੀ ਆਪਣੇ ਪਿਤਾ ਵਾਲੀ ਤਲਵਾਰ ਬੰਧਵਾਈ ਤੇ ਤਿਲਕ ਗੁਰਯਾਈ

ਦਾ ਤਿਨ੍ਹਾਂ ਦੇ ਮਸਤਕ ਪਰ ਲਾਯਾ ਅਤੇ ਉਪਦੇਸ਼ ਕੀਤਾ ਕਿ ਹੇ ਪੁਤ੍ਰ ਮੈਂ ਤਾਂ ਮੌਤ ਦੇ ਮੂੰਹ ਵਿਖੇ ਚਲਿਆ ਹਾਂ ਕਿਉਂਕਿ ਮੈਨੂੰ ਦੇਸ਼ ਦੀ ਖਾਤ੍ਰ ਬਲੀਦਾਂਨ ਦੇਣ ਦੀ ਲੋੜ ਹੈ ਪ੍ਰੰਤੂ ਤੁਸਾਂ ਨੇ ਯਾਦ ਰਖਣਾ ਕਿ ਆਪਣੇ ਪਿਤਾ ਦੇ ਵੈਰੀ ਥੀਂ ਬਦਲਾ ਲੈਣਾ ਕਿਉਂਕਿ ਇਹੁ ਖਤ੍ਰੀ ਵਾਸਤੇ ਉਤਮ ਕੰਮ ਹੈ ਤੇ ਮੇਰੀ ਦੇਹ ਨੂੰ ਆਪਣੇ ਪਾਸ ਮੰਗਵਾਉਣਾਂ ਇਹੁ ਸਮਾ ਤੇ ਹਾਲ ਦੇਖਨ ਯੋਗ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਨਾਂ ਬਾਤਾਂ ਨੂੰ ਕਿਸ ਜੋਸ਼ ਨਾਲ ਸੁਣਿਆ ਹੋਵੇਗਾ ਉਸਦੇ ਦਿਲ ਵਿਚ ਉਸ ਵੇਲੇ ਕੀਹ ਕੀਹ ਖ਼ਿਆਲ ਲੈਹਰਾਂ ਮਾਰਦੇ ਹੋਣਗੇ ਆਪਣੇ ਪਿਆਰੇ ਪਿਤਾ ਜੀ ਦੀ ਬਾਣੀ ਉਸਦੇ ਚਿੱਤ ਪਰ ਪੱਥਰ ਦੇ ਹਰਫ਼ਾਂ ਵਾਂਗੂ ਉਕਰੀ ਗਈ ਗੁਰੂ ਗੋਬਿੰਦ ਸਿੰਘ ਜੀ ਦੇ ਕੋਮਲ, ਨਰਮ ਦਿਲ ਉੱਤੇ ਇਨ੍ਹਾਂ ਗਲਾਂ ਦਾ ਅਜੇਹਾ ਪ੍ਰਭਾਉ ਬੈਠਾ ਕਿ ਉਸ ਪਰਭਾਵ ਨੇ ਸਾਰੇ ਹੀ ਹਿੰਦੂਆਂ ਨੂੰ ਅਸਰ ਕੀਤਾ ਤੇ ਗੁਰੂ ਜੀ ਨੇ ਹਿੰਦੂਆਂ ਦੀ ਕਾਯਾਂ ਪਲਟ ਦਿੱਤੀ ਜਦ ਗੁਰੂ ਤੇਗ਼ਬਹਾਦੁਰ ਜੀ ਦਿੱਲੀ ਪਹੁੰਚੇ ਤਾਂ ਔਰੰਗਜ਼ੇਬ ਨੇ ਆਪਣੇ ਰੂਬਰੂ ਸਦਕੇ ਬੜੀ ਘ੍ਰਿਣਾ ਨਾਲ ਕਿਹਾ ਕਿ ਯਾ ਤਾਂ ਤੁਸੀ ਆਪਣੀ ਵਡਿਆਈ ਦੀ ਕਰਾਮਾਤ ਦਿਖਾਵੋ ਨਹੀਂ ਤਾਂ ਮੁਸਲਮਾਂਨ ਬਣੋਂ ਗੁਰੂ ਜੀ ਨੇ ਕਿਹਾ ਕਿ ਹਿੰਦੂ ਤੇ ਤੁਰਕ ਦੋਵੇਂ ਹੀ ਪ੍ਰਮੇਸ਼੍ਵਰ ਦੇ ਬਨਾਏ ਹੋਏ ਹਨ ਜੇਕਰ ਖ਼ੁਦਾ ਨੂੰ ਦੀਨ ਇਸਲਾਮ ਹੀ ਪਸੰਦ ਹੁੰਦਾ ਤਾਂ ਦੂਸਰੇ ਪੰਥ ਵਿੱਚ ਕਿਸੇ ਨੂੰ

ਉਤਪਤ ਹੀ ਨਾਂ ਕਰਦਾ ਇਸਲਾਮ ਵਿਖੇ ਕੋਈ ਵਾਧਾ ਨਹੀਂ ਹੈ ਮੁਕਤੀ ਸਭਨਾਂ ਨੂੰ ਆਪਣੇ ਸ਼ੁਭ ਕਰਮਾਂ ਕਰਕੇ ਹੈ ਕਿਸੇ ਦੇ ਲਿਹਾਜ਼ ਅਤੇ ਸਿਫ਼ਾਰਸ਼ ਨਾਲ ਨਹੀਂ ਬਾਦਸ਼ਾਹਾਂ ਨੂੰ ਅੰਨ੍ਹੇਰ ਕਰਨਾ ਅਛਾ ਨਹੀਂ ਕਰਾਮਾਤ ਦੀ ਗਲ ਦਾ ਉਤ੍ਰ ਇਹੁ ਹੈ ਕਿ ਕਰਾਮਾਤ ਦਿਖਾਉਨੀ ਖ਼ੁਦਾ ਦੇ ਹੁਕਮ ਦੇ ਨਿਜਮਾਂ ਵਿੱਚ ਹੱਥ ਮਾਰਨੇ ਵਿਰੁਧ ਹੈਨ ਅਤੇ ਫ਼ਕੀਰਾਂ ਦਾ ਕੰਮ ਹੈ ਕਿ ਉਸ ਦੀ ਰਜ਼ਾ (ਭਾਣਾ) ਵਿਚ ਸੰਤੋਖ ਕਰਕੇ ਵਰਤੇ ਫ਼ਕੀਰਾਂ ਦਾ ਇਹੁ ਕੰਮ ਨਹੀਂ ਕਿ ਖ਼ੁਦਾ ਦੀ ਕੁਦਰਤ ਵਿੱਚ ਦਖ਼ਲ ਦੇਣ ਉਸ ਦੀ ਆਗਜਾ ਵਿਖੇ ਰੈਹਨਾ ਉਸਦੀ ਸਚਾਈ ਤੇ ਆਪਣੀ ਪੇਸ਼ਵਾਈ ਪ੍ਰਗਟ ਕਰਨ ਲਈ ਆਏ ਹਨ ਕਰਾਮਾਤ ਦਿਖਾ ਕੇ ਪ੍ਰਮੇਸ਼੍ਵਰ ਦਾ ਮੁਕਾਬਲਾ ਕਰਨ ਲਈ ਨਹੀਂ ਆਏ ਪਰ ਫੇਰ ਭੀ ਇੱਕ ਕਰਾਮਾਤ ਤੇਰੀ ਤਸੱਲੀ ਲਈ ਦਿਖਾਈ ਜਾਂਦੀ ਹੈ ਕਿ ਇਹੁ ਪਰਚਾ ਕਾਗਦ ਦਾ ਮੇਰੀ ਗਰਦਨ ਉੱਤੇ ਰਖਕੇ ਜ਼ੋਰ ਨਾਲ ਤਲਵਾਰ ਮਾਰੀ ਜਾਵੇ ਤਾਂ ਮੈਨੂੰ ਕੋਈ ਦੁਖ ਨਹੀਂ ਪਹੁੰਚੇਗਾ ਗਲ ਕਾਹਦੀ ਏਸੇ ਬਾਤ ਦਾ ਪ੍ਰਤਾਵਾ ਲੀਤਾ ਗਿਆ ਤਲਵਾਰ ਦੇ ਲਗਨਸਾਰ ਹੀ ਗੁਰੂ ਤੇਗ਼ਬਹਾਦੁਰ ਜੀ ਦਾ ਸੀਸ ਗਰਦਨ ਥੀਂ ਵਖ ਹੋ ਗਿਆ ਤੇ ਸਰੀਰ ਥੀਂ ਲਹੂ ਦਾ ਫੁਹਾਰਾ ਚਲਕੇ ਧਰਤੀ ਪਰ ਡਿਗਨ ਲਗਾ ਜਿਸਨੇ ਹਿੰਦੂ ਧਰਮ ਨੂੰ ਫੇਰ ਸਰਜੀਤ ਕਰਕੇ ਦੇਸ਼ ਨੂੰ ਹਰਾ ਭਰਾ ਕਰ ਦਿੱਤਾ ਅਤੇ ਦੇਸ਼ ਭਗਤੀ ਧਰਮ ਰਖਜਾ ਦੇ ਅਗਨੀ ਕੁੰਡ ਵਿਖੇ

ਇਹੁ ਇੱਕ ਹੋਰ ਆਹੂਤੀ ਭੀ ਪੂਰਨ ਹੋਈ ਇਸ ਮੌਤ ਨੂੰ ਸਿਖਾਂ ਨੇ ਸਹਾਰਿਆ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮੌਤ ਥੀਂ ਕੌਮ ਨੂੰ ਉਭਾਰਿਆ ਜੀਵਨ ਮੇਹਤਰ ਸਿਰ ਚੁੱਕ ਕੇ ਲੁਕਾਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਲੈ ਆਯਾ ਅਤੇ ਬਿਨਾਂ ਸਿਰੋ ਸਰੀਰ ਔਰੰਗਜ਼ੇਬ ਨੇ ਚਾਂਦਨੀ ਚੌਕ ਦੇ ਬਾਜ਼ਾਰ ਵਿੱਚ ਸਿਟਵਾਯਾ ਜਿਸਨੂੰ ਰਾਤ ਸਮੇ ਇੱਕ ਭਰੋਸੇ ਵਾਲਾ ਸਿਖ ਲੈ ਗਿਆ ਤੇ ਆਪਣੇ ਘਰ ਵਿਖੇ ਰਖ ਕੇ ਘਰ ਨੂੰ ਅੱਗ ਲਾ ਦਿੱਤੀ ਇਹੁ ਸੰਮਤ ੧੭੩੨ ਬਿਕ੍ਰਮੀ ਵਿਖੇ ਮਘਰ ਮਹੀਨੇ ਵਿਖੇ ਵਾਰਤਾ ਹੋਈ ਔਰੰਗਜ਼ੇਬ ਨੇ ਗੁਰਾਂ ਨੂੰ ਮੁਸਲਮਾਂਨ ਕਰਨ ਲਈ ਬੜਾ ਹੀ ਜ਼ੋਰ ਲਾਯਾ ਤੇ ਸਭ ਭਾਤਾਂ ਕਰਕੇ ਹਿੰਮਤ ਕੋਸ਼ਸ਼ ਕੀਤੀ ਗੁਰੂ ਜੀ ਦੇ ਸਾਥੀਆਂ ਵਿੱਚੋਂ ਭਾਈ ਮਨੀਰਾਮ ਆਰੇ ਨਾਲ ਚਿਰਵਾਯਾ ਭਾਈ ਦਯਾਲੇ ਨੂੰ ਗਰਮ ਪਾਣੀ ਵਿੱਚ ਉਬਾਲਿਆ ਪ੍ਰੰਤੂ ਇਨ੍ਹਾਂ ਭਯਾਨਕ ਮੌਤਾਂ ਕਰਕੇ ਗੁਰੂ ਜੀ ਨੂੰ ਜ਼ਰਾ ਭਰ ਡਰ ਭੀ ਨਾਂ ਆਯਾ ਸਗੋਂ ਧਰਮ ਪਰ ਬਲੀਦਾਂਨ ਦੇਣ ਨੂੰ ਤਿਆਰ ਬਰ ਤਿਆਰ ਸੇ ਇਸ ਗੁਰੂ ਜੀ ਨੂੰ ਸਿਖ ਆਪਣਾਂ ਸੱਚਾ ਪਾਤਸ਼ਾਹੁ ਕੈਹਦੇ ਸੇ ਇਨਾਂ ਥੀਂ ਪੈਹਲੇ ਗੁਰੂਆਂ ਨੂੰ ਭੀ ਪੈਹਲੀ ਦੂਜੀ ਪਾਤਸ਼ਾਹੀ ਆਦਿਕ ਆਖਦੇ ਸੇ ਇਸ ਬਾਤ ਦਾ ਨਿਰਣਾਂ ਕਈ ਤਰਾਂ ਨਾਲ ਹੈ ਅਰਥਾਤ ਸੱਚਾ ਪਾਤਸ਼ਾਹੁ ਥੀਂ ਤਾਤਪ੍ਰਜ ਇਹੁ ਹੈ ਕਿ ਸੰਸਾਰਕ ਬਾਦਸ਼ਾਹ ਦੇ ਮੁਕਾਬਲੇ ਪਰ ਧਾਰਮਕ ਬਾਦਸ਼ਾਹੁ ਗੁਰੂ ਜੀ

ਸੀ ਤੇ ਧਾਰਮਕ ਪਾਤਸ਼ਾਹੀ ਸੰਸਾਰਕ ਬਾਦਸ਼ਾਹੀ ਨਾਲੋਂ ਸੱਚੀ ਹੁੰਦੀ ਹੈ ਇਸੇ ਕਰਕੇ ਗੁਰੂ ਸੱਚੇ ਪਾਤਸ਼ਾਹੁ ਗਿਣੇਤੇ ਕਹੇ ਜਾਂਦੇ ਸੇ ਕਈ ਆਖ ਦੇਹਨ ਕਿ ਇਸ ਵਿੱਚ ਪੁਲੀਟੀਕਲ ਹਿਕਮਤ ਅਮਲੀ ਸੀ ਇਸ ਵਾਸਤੇ ਬਾਦਸ਼ਾਹੁ ਬਨੇ ਸੇ ਸਾਂਨੂੰ ਕੀਹ ਭਾਵੇਂ ਕੁਛ ਹੀ ਪ੍ਰਯੋਜਨ ਮਤਲਬ ਹੋਵੇ ਪਰ ਮੁਸਲਮਾਨਾਂ ਬਾਦਸ਼ਾਹਾਂ ਦੇ ਚਿੱਤ ਵਿੱਚ ਇਹੁ ਨਾਮ ਖਟਕ ਦਾਸੀ ਤੇ ਇਸ ਦੇ ਮਿਟਾਉਨ ਲਈ ਕੋਸ਼ਸ਼ ਜਾਰੀ ਰਖੀ ਹੋਈ ਸੀ ॥

**ਗੁਰੂ ਗੋਬਿੰਦ ਸਿੰਘ ਜੀ** ਜਿਨ੍ਹਾਂ ਦਿਨਾਂ ਵਿੱਚ ਗੁਰੂ ਤੇਗ਼ਬਹਾਦੁਰ ਜੀ ਰਾਜੇ ਬਿਸ਼ਨ ਸਿੰਘ ਵਾਲੀ ਜੋਧਪੁਰ ਦੇ ਨਾਲ ਬੰਗਾਲੇ ਵੰਨੀ ਆਪਣੀ ਮਰਜ਼ੀ ਅਨੁਸਾਰ ਯਾ ਔਰੰਗਜ਼ੇਬ ਦੇ ਇਸ਼ਾਰੇ ਨਾਲ ਗਏ ਸੇ ਤਦ ਗੁਰੂ ਗੋਬਿੰਦ ਸਿੰਘ ਜੀ ਦੀ ਮਾਈ ਤੇ ਗੁਰੂ ਤੇਗ਼ਬਹਾਦੁਰ ਜੀ ਦੀ ਮਾਈ ਨਾਨਕੀ ਦੇਵੀ ਤੇ ਸਾਲਾ ਕ੍ਰਿਪਾਲ ਚੰਦ ਜੀ ਨਾਲ ਸੇ ਗੁਰੂ ਤੇਗ਼ਬਹਾਦੁਰ ਜੀ ਨੇ ਆਪਣੇ ਟੱਬਰ ਨੂੰ ਪਟਨੇ ਵਿਖੇ ਛੱਡਿਆ ਕਿਉਂਕਿ ਉਨ੍ਹਾਂ ਦੇ ਘਰੋਂ ਮਾਤਾ ਗੂਜਰੀ ਜੀ ਨੂੰ ਗਰਭ ਸੀ ਤੇ ਆਪ ਰਾਜੇ ਨਾਲ ਆਸਾਮ ਦੀ ਵਲ ਤੁਰ ਗਏ ॥

**ਅਸਥਾਨ ਤੇ ਸਮਾ ਜਨਮ ਦਾ** ਸੰਮਤ ਬਿਕ੍ਰਮੀ ੧੭੨੩ ਸਨਿਸ਼ਚਰ ਤੇ ਐਤਵਾਰ ਦੇ ਮੱਧ ਦੀ ਰਾਤ ਨੂੰ ੭/੫੮ ਪੋਹ ਡੇਢ ਪੈਹਰ ਰਾਤ ਰੈਹੰਦੀ ਸੀ ਮਾਤਾ ਗੂਜਰੀ ਜੀ ਦੇ ਸ਼ਰੀਰ ਥੀਂ ਪੁੱਤ੍ਰ ਜਨਮਿਆ ਤੇ ਪੱਟਨਾ ਸ਼ੈਹਰ ਵਿਖੇ ਔਤਾਰ ਧਾਰਿਆ ਤਿਸ ਬਾਲਕ ਦਾ

ਨਾਂਉਂ ਗੋਬਿੰਦ ਰਖਿਆ ਗੁਰੂ ਤੇਗ਼ਬਹਾਦੁਰ ਜੀ ਆਪ ਕੈਹ ਗਏ ਸਨ ਕਿ ਜੇਕਰ ਬਾਲਕ ਜਨਮੇਗਾ ਤਾਂ ਉਸਦਾ ਨਾਂਉਂ ਗੋਬਿੰਦ ਰਖਨਾ ॥

ਕਰਾਮਾਤਾਂ ਇਨ੍ਹਾਂ ਦੇ ਜਨਮ ਸਮੇ ਵਿਖੇ ਸਿਖਾਂ ਨੇ ਕਈ ਕਰਾਮਾਤਾਂ ਲਿਖੀਆਂ ਹਨ ਜਿਵੇ ਹੋਰ ਧਰਮਾਂ ਵਾਲੇ ਆਪੋ ਆਪਣੇ ਗੁਰੂ ਪੀਰਾਂ ਦੀ ਬ਼ਾਬਤ ਲਿਖਦੇ ਹਨ ਪ੍ਰੰਤੂ ਕਿਉਂਕਿ ਉਨ੍ਹਾਂ ਦਾ ਭਰੋਸਾ ਕੇਵਲ ਸਿਖ ਮੁਰੀਦਾਂ ਨੂੰ ਹੀ ਹੈ ਤੇ ਅਸਲ ਵਿੱਚ ਕੋਈ ਕਰਾਮਾਤ ਦਾ ਸ੍ਵਰੂਪ ਨਹੀਂ ਇਸ ਕਰਕੇ ਉਨ੍ਹਾਂ ਦੇ ਲਿਖਣ ਦੀ ਏਥੇ ਆਵਸ਼ਕਤਾ ਹੀ ਨਹੀਂ ॥

ਬਾਲ ਤਮਾਸ਼ਾ ਜਦ ਗੋਬਿੰਦ ਜ਼ਰਾ ਵਡੇ ਹੋਏ ਬਾਲਕਾਂ ਵਿੱਚ ਖੇਡਨ ਲੱਗੇ ਤਾਂ ਓਹ ਇਹੀ ਖੇਡ ਪਸੰਦ ਕਰਦੇ ਕਿ ਬਾਲਕਾਂ ਨੂੰ ਫ਼ੌਜ ਬਨਾਕੇ ਓਧਰੋਂ ਓਧਰੀ ਕਰਕੇ ਜੰਗ ਕਰਵਾਉਂਦੇ ਤੇ ਤੀਰ ਗੁਲੇਲ ਕਮਾਨਾਂ ਨਾਲ ਖੇਡਦੇ ਸੇ ਕਿਉਂਕਿ ਬਾਲਕ ਬੌਹਤ ਕਰਕੇ ਮਾਂ ਪਿਉ ਤੇ ਨੇੜੇ ਤੇੜੇ ਦੇ ਲੋਕਾਂ ਦੀ ਕਰਤੂਤ ਦੀ ਨਕਲ ਉਤਾਰਦੇ ਹਨ ਜੇਹਾ ਕੁ ਮਲਾਹਾਂ ਦੇ ਬਾਲ ਛੋਟੀਆਂ ਬੇੜੀਆਂ ਬਨਾਕੇ ਨਦੀ ਨਾਲਿਆਂ ਵਿਚ ਚਲਾਉਂਦੇ ਹਨ ਜਿਮੀਦਾਰ ਹਲ ਦੀ ਨਕਲ ਹੀ ਕਰਕੇ ਖ਼ੁਸ਼ ਹੁੰਦੇ ਹਨ ਕਿਉਂਕਿ ਗੁਰੂ ਤੇਗ਼ਬਹਾਦਰ ਜੀ ਤਲਵਾਰ ਬੰਨ੍ਹਦੇ ਤੇ ਤੀਰ ਕਮਾਨ ਨਾਲ ਸ਼ਿਕਾਰ ਖੇਡਦੇ ਹੁੰਦੇ ਸੇ ਪੁਤ੍ਰ ਨੇ ਭੀ ਪਿਤਾ ਦੀ ਨਕਲ ਉਤਾਰਨੀ ਅਰੰਭੀ ਘਰ ਵਿਖੇ ਸਦੀਵ ਫ਼ੌਜਾਂ ਦਾ ਤੇ ਓਨ੍ਹਾਂ ਦੇ ਜੰਗਾਂ

ਜੁਧਾਂ ਦਾ ਹੀ ਜ਼ਿਕਰ ਹੁੰਦਾ ਸੀ ਇਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਿਆਲਾਤ ਭੀ ਉਸੇ ਪਾਸੇ ਨੂੰ ਝੁਕ ਗਏ ਗੁਰੂ ਜੀ ਦਾ ਪੁਤ੍ਰ ਜਾਣ ਕੇ ਲੋਕੀ ਬੜਾ ਸਤਕਾਰ ਕਰਦੇ ਇਸੇ ਕਰਕੇ ਬਾਲਕ ਭੀ ਖੇਡਨ ਟਪਨ ਵਿਖੇ ਇਨ੍ਹਾਂ ਦਾ ਲਿਹਾਜ਼ ਰਖਦੇ ਹੁੰਦੇ ਸੇ ਸੋ ਜਦੋਂ ਖੇਡ ਵਿੱਚ ਫ਼ੌਜਾਂ ਦਾ ਸ੍ਵਾਂਗ ਉਤਾਰ ਦੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਹਿਸੇ ਸੈਨਾਪਤੀ ਤੇ ਬਾਦਸ਼ਾਹੁ ਦਾ ਹੀ ਭਾਗ ਆਉਂਦਾ ਕਦੇ ਕਚੈਹਰੀ ਦੀ ਨਕਲ ਕਰਕੇ ਬਾਲਕਾਂ ਦੇ ਮੁਕੱਦਮਜਾਂ ਦਾ ਫ਼ੈਸਲਾ ਇਨਸਾਫ਼ ਕਰਦੇ ਸੇ ਗੁਲੇਲ ਮਾਰਨਦੀ ਬੜੀ ਹੀ ਮਸ਼ਕ ਸੀ ਆਪਣੇ ਸਾਥੀਆਂ ਨੂੰ ਭੀ ਸਿਖਜਾ ਦਿੱਤੀ ਕਦੇ ਕਦੇ ਜੋ ਬੁਢੀਆਂ ਪਾਣੀ ਦੇ ਘੜੇ ਸਿਰ ਪਰ ਧਰਕੇ ਖੂਹ ਯਾ ਤਲਾਉ ਵਲ ਪਾਣੀ ਲੈਣ ਜਾਂਦੀਆ ਤਾਂ ਇਹ ਨਿਸ਼ਾਨਾਂ ਬਨਾਕੇ ਤੋੜ ਦੇਂਦੇ ਬੁਢੀਆਂ ਤੰਗ ਆਕੇ ਉਨ੍ਹਾਂ ਦੀ ਦਾਦੀ ਮਾਤਾ ਨਾਨਕੀ ਜੀ ਪਾਸ ਫ਼ਰਯਾਦ ਕਰਦੀਆਂ ਤਾਂ ਨਾਨਕੀ ਜੀ ਗੁਰੂ ਗੋਬਿੰਦ ਸਿੰਘ ਨੂੰ ਧਮਕਾਯਾ ਕਰਦੀ ਬਾਲਕ ਸਮੇਂ ਹੀ ਥੀ ਨਿਡਰ ਸੇ ਇੱਕ ਕਹਾਵਤ ਪ੍ਰਗਟ ਹੈ ਕਿ ਇੱਕ ਦਿਨ ਗੋਬਿੰਦ ਸਿੰਘ ਜੀ ਬਾਲਕਾਂ ਨਾਲ ਖੇਡ ਰਹੇ ਸੇ ਪਟਨੇ ਦਾ ਸਰਦਾਰ ਉਨ੍ਹਾਂ ਦੇ ਪਾਸੋਂ ਦੀ ਲੰਘਿਆ ਚੋਬਦਾਰ ਨੇ ਰਾਹੁ ਵਿੱਚ ਮੁੰਡਿਆਂ ਨੂੰ ਦੇਖ ਕੇ ਕਿਹਾ ਕਿ ਮੁੰਡਿਓ ਨੁਵਾਬ ਸਾਹਿਬ ਜੀ ਆਉਂਦੇ ਹਨ ਇਨ੍ਹਾਂ ਨੂੰ ਸਲਾਮ ਕਰੋ ਤਾਂ ਮੁੰਡਿਆਂ ਵਲ ਧਿਆਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਬੋਲੇ ਕਿ ਨਹੀਂ ਸਲਾਮ ਨਹੀਂ ਕਰਨਾਂ

ਮੂੰਹ ਚਿੜਾਓ ਸੋ ਮੁੰਡਿਆਂ ਨੇ ਉਸੇ ਤਰਾਂ ਹੀ ਕੀਤਾ ਤੇ ਭੱਜ ਗਏ ਬਚਪਨੇ ਹੀ ਥੀਂ ਸੁਭਾਉ ਬੜਾ ਚੰਚਲਸੀ ਤੇ ਗੁਲੇਲ ਬਾਜ਼ੀ ਦੇ ਬੜੇ ਹੀ ਪ੍ਰੇਮੀ ਸ ॥

ਜਦ ਗੁਰੂ ਤੇਗ਼ਬਹਾਦੁਰ ਜੀ ਪੰਜਾਬ ਨੂੰ ਮੁੜਕੇ ਆਏ ਤਾਂ ਭੀ ਬਾਲ ਬੱਚੇ ਨੂੰ ਪਟਨੇਹੀ ਵਿਖੇ ਛੱਡ ਆਏ ਤੇ ਪੰਜਾਬ ਵਿਖੇ ਆ ਕਰਕੇ ਆਨੰਦ ਪੁਰ ਨਗਰ ਵਸਾਯਾ ਤੇ ਥੋੜੇ ਦਿਨਾਂ ਮਗਰੋਂ ਸਾਰੇ ਕਟੁੰਬ ਨੂੰ ਆਨੰਦ ਪੁਰੇ ਸੱਦ ਭੇਜਿਆ ॥

## ਗੁਰੂ ਗੋਬਿੰਦ ਸਿੰਘ ਜੀ ਦੀ ਵਿਦਯਾ

ਪਿਤਾ ਨੂੰ ਸਮੇ ਦੇ ਹਾਲ ਦਾ ਨਕਸ਼ਾ ਸਾਹਮਣੇ ਨਜ਼ਰ ਆਉਂਦਾ ਸੀ ਤੇ ਗੱਦੀ ਨਸ਼ੀਨੀ ਦਾ ਸਿਲ ਸਿਲਾ ਭੀ ਇਕ ਝਗੜੇ ਬਖੇੜੇ ਨਾਲ ਲਿਬੜਯਾ ਹੋਯਾ ਸੀ ਇਸ ਕਰਕੇ ਪਿਤਾ ਨੇ ਪੁਤ੍ਰ ਨੂੰ ਧਾਰਮਕ ਵਿਦਯਾ ਥੀਂ ਵਧੀਕ ਕੁਛ ਕੁਛ ਜੰਗ ਦੇ ਢੰਗ ਤੇ ਸ਼ਾਹ ਸੁਾਰੀ ਦੀ ਵਿਦਯਾ ਭੀ ਸਿਖਵਾਈ ਸੀ ਫ਼ਾਰਸੀ ਪੜ੍ਹਾਉਨ ਦਾ ਭੀ ਉਪਰਾਲਾ ਕੀਤਾ ਜਿਤਨੀ ਵਿਦਯਾ ਉਨ੍ਹਾਂ ਦੇ ਬਾਪ ਨੇ ਲੰਮੀ ਦ੍ਰਿਸ਼ਟੀ ਧਾਰਕੇ ਸਿਖਾਈ ਸੀ ਉਤਨਾਂ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿੰਦਗੀ ਵਿੱਚ ਉਨ੍ਹਾਂ ਨੂੰ ਲਾਭ ਪੌਹਚਿਆ ॥

## ਪੈਹਲਾ ਬਿਵਾਹ

ਪੈਹਲਾ ਵਿਵਾਹ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਪਿਤਾ ਦੇ

ਜੀਉਂਦੇ ਜੀ ਵਿਖੇ ਹੋਯਾ ਜੋ ੧੫ ਜੇਠ ਸੰਮਤ ੧੭੩੦ ਵਿਖੇ ਮਾਈ ਜੀਤੋਂ ਜੀ ਹਰਜੀਮਲ ਖਤ੍ਰੀ ਦੀ ਸਪੁੱਤ੍ਰੀ ਨਾਲ ਹੋਯਾ ਇਹ ਵਿਆਹੁ ਬੜੀ ਧੂਮ ਧਾਮ ਨਾਲ ਹੋਯਾ ਸੀ ਤਦ ਗੁਰੂ ਗੋਬਿੰਦ ਸਿੰਘ ਜੀ ਦੀ ਉਮਰਾਂ ਕੇਵਲ ਸਤ ਬਰਸ ਦੀ ਸੀ ਭਾਵੇਂ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਮਗਰੋਂ ਹੋਰ ਬਾਦਸ਼ਾਹੀਆਂ ਨੇ ਸਭ ਤਰਾਂ ਕਰਕੇ ਭਲੇ ਭਲੇ ਉਪਦੇਸ਼ ਦਿੱਤੇ ਤੇ ਲੋਕਾਂ ਦੇ ਚਿੱਤਨੂੰ ਸਵਾਰਿਆ ਪਰ ਛੋਟੀ ਉਮਰ ਦੇ ਵਿਵਾਹੁ ਦੇ ਦੁਖਾਂ ਦੇ ਵਿਰੁਧ ਕੋਈ ਭੀ ਉਪਚਾਰ ਨਾਂ ਕੀਤਾ ਇਹੁ ਗਲ ਅਸਚਰਜ ਜੇਹੀ ਹੈ ਕਿ ਉਨ੍ਹਾਂ ਨੇ ਯਾ ਤਾਂ ਇਸ ਗਲ ਵਲ ਧਿਆਨ ਹੀ ਨਹੀਂ ਦਿੱਤਾ ਤੇ ਨਾਹੀਂ ਇਸ ਖ਼ਿਆਲ ਨੂੰ ਤੋਲ ਤਾਲ ਸਕੇ ਹਨ ਯਾ ਇਸ ਦੇ ਵਿਰੁਧ ਕੋਸ਼ਸ਼ ਕਰਨੀ ਭਲੀ ਨਾਂ ਜਾਣੀ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਛੱਡ ਕੇ ਪੈਹਲੇ ਗੁਰੂਆਂ ਦੇ ਖ਼ਾਨਦਾਨਾਂ ਵਿੱਚ ਭੀ ਛੋਟੀ ਉਮਰਾਂ ਹੀ ਵਿਖੇ ਵਿਵਾਹੁ ਹੁੰਦੇ ਰਹੇ ਹਨ ਵਿਸੇਸ਼ ਕਰਕੇ ਤਾਂ ਇਹੁ ਪ੍ਰਤੀਤ ਹੁੰਦਾ ਹੈ ਕਿ ਇਸ ਪਾਸੇ ਵਲ ਧਿਆਨ ਹੀ ਨਹੀਂ ਆਯਾ॥

## ਪਿਤਾ ਦਾ ਚਲਾਣਾ

ਗੁਰੂ ਗੋਬਿੰਦ ਸਿੰਘ ਜੀ ਤਾਂ ਵਿਦਯਾ ਵਿਖੇ ਪਰਵਿਰਤ ਸੇ ਤੇ ਸੈਰ ਸ਼ਿਕਾਰ ਵਿੱਚ ਫਸੇ ਹੋਏ ਸੇ ਤਾਂ ਉਨ੍ਹਾਂ ਦੇ ਪਿਤਾ ਗੁਰੂ ਤੇਗ਼ਬਹਾਦੁਰ ਜੀ ਇੱਕ ਅਜੇਹੀ ਕੁਰਬਾਨੀ ਦੀ ਤਿਆਰੀ

ਕਰ ਰਹੇ ਸੇ ਕਿ ਜਿਸਦੇ ਲਈ ਸਮਾਂ ਬੜੇ ਹੀ ਚਿਰਾਂ ਥੀਂ ਉਡੀਕ ਰਿਹਾ ਸੀ ਔਰੰਗਜ਼ੇਬੀ ਰਾਜ ਸੀ ਔਰੰਗਜ਼ੇਬ ਦੀ ਬੜੀ ਕੋਸ਼ਸ਼ ਤਾਂ ਇਹੁ ਸੀ ਕਿ ਜਿਵੇਂ ਕਿਵੇਂ ਸਭ ਹਿੰਦੂਆਂ ਨੂੰ ਮੁਸਲਮਾਂਨ ਕਰਕੇ ਇੱਕ ਦੀਨ ਬਨਾ ਦੇਵੇ ਸੋ ਇਸੇ ਕਰਕੇ ਓਹੁ ਬੜਾਹੀ ਕਠੋਰ ਦੁਖਦੇਂਦਾਸੀ, ਤੇ ਬਦੋਬਦੀ ਪਾਪ ਜ਼ੁਲਮ ਕਰ ਰਿਹਾਸੀ ਉਸਨੇ ਪਿੰਡਾਂ ਦੇ ਪਿੰਡ ਮੁਸਲਮਾਂਨ ਕਰ ਕਢੇ ਸੱਰਤਾਂ ਇਹੁਸੀ ਕਿ ਛੋਟੀ ਜ਼ਾਤ ਦੇ ਤੇ ਆਮ ਹਿੰਦੂ ਹਰ ਰੋਜ਼ ਦੇ ਮੁਸਲਮਾਨਾਂ ਦੇ ਉਪਦ੍ਰਵਾਂ ਕਰਕੇ ਦੁਖੀ ਆ ਗਏ ਤੇ ਥੱਕ ਗਏ ਹੋਏ ਸੇ ਅਤੇ ਹਿੰਦੂ ਧਰਮ ਵਿਖੇ ਵਿਰੋਧ ਤੇ ਦੁਰਬਲਤਾ ਐਨੀ ਸੀ ਕਿ ਉਨ੍ਹਾਂ ਨੂੰ ਕਦੇ ਭੀ ਸੁਖਦੀ ਨੀਂਦੇ ਸੌਣਾਂ ਨਹੀਂ ਸੀ ਮਿਲਦਾ ਬੜੀਆਂ ਕੌਮਾਂ ਉਨ੍ਹਾਂਨੂੰ ਕਮੀਨੇ ਜਾਣਦੀਆਂਸੀ ਸਰੀਰ ਦਾ ਬਲ ਕੌਮ ਵਿਖੇ ਐਨਾਂ ਨਹੀਂ ਸੀ ਕਿ ਓਹੁ ਅਰਾਮ ਨਾਲ ਉਮਰ ਕਟੀ ਕਰ ਸਕਨ ਯਾ ਆਪਣੇ ਬਚਾਉ ਦੇ ਵਾਸਤੇ ਕੋਈ ਉਪਰਾਲੇ ਨਾਲ ਇੰਤਜ਼ਾਮ ਕਰ ਸਕਨ ਪ੍ਰੰਤੂ ਇਸਲਾਮ ਵਿਖੇ ਜਾਣ ਕਰਕੇ ਓਹੁ ਜਿੱਤ ਵਾਲੀ ਤੇ ਹੁਕਮ ਕਰਨਵਾਲੀ ਕੌਮਦੇ ਸਹਾਇਕ ਬਣ ਜਾਂਦੇ ਸੇ ਅਤੇ ਹਿੰਦੂ ਧਰਮ ਦੀ ਵਿਰੋਧਤਾਈ ਦੇ ਅਸਰਾਂ ਥੀਂ ਬਚ ਜਾਯਾ ਕਰਦੇ ਸੇ ਰਈਅਤ ਥੀਂ ਨਿਕਲਕੇ ਹੁਕਮ ਕਰਨ ਵਾਲਿਆ ਵਿੱਚ ਸ਼ਰੀਕ ਬਨ ਜਾਂਦੇ ਹਿੰਦੂ ਸੋਸ਼ਲ ਤੇ ਸੜੇ ਹੋਏ ਧਰਮ ਦੀ ਕੈਦੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਸੀ ਇਸ ਵਾਸਤੇ ਛੋਟੀਆਂ ਜ਼ਾਤਾਂ ਨੇ ਤਾਂ ਅਪਨੇਆਪ

ਇਸਲਾਮ ਨੂੰ ਹਿੰਦੂ ਬ੍ਰਹਮਨੀ ਧਰਮ ਦੇ ਮੁਕਾਬਲੇ ਵਿੱਚ ਨਾਂ ਕੇਵਲ ਚੰਗਾ ਹੀ ਜਾਤਾ ਸਗੋਂ ਅੱਛਾ ਸਮਝਿਆ ਤੇ ਖ਼ੁਸ਼ੀ ਖ਼ੁਸ਼ੀ ਮੁਸਲਮਾਨੀ ਦਾਇਰੇ ਵਿੱਚ ਜਾਂਦੇ ਸੇ ਅਤੇ ਇਸ ਵਾਸਤੇ ਔਰੰਗਜ਼ੇਬ ਦੀ ਉਨ੍ਹਾਂ ਕਮੀਨੀ ਜ਼ਾਤਾਂ ਵਲ ਤਾਂ ਦ੍ਰਿਸ਼ਟੀ ਹੀ ਨਹੀਂ ਸੀ ਓਹ ਵਡੀਆਂ ਉੱਚੀਆਂ ਜ਼ਾਤਾਂ ਨੂੰ ਜੇਹਾਕੁ ਖੱਤ੍ਰੀ ਤੇ ਇਨ੍ਹਾਂ ਨਾਲੋਂ ਵਧ ਕੇ ਬ੍ਰਾਹਮਣਾਂ ਨੂੰ ਬਦੋ ਬਦੀ ਮੁਸਲਮਾਨ ਕਰਨ ਵਲ ਧਿਆਨ ਕਰਦਾਸੀ ਇਹੀ ਕਾਰਨਸੀ ਕਿ ਉਸਨੇ ਕਸ਼ਮੀਰ ਵਿਖੇ ਮੁਸਲਮਾਨੀ ਫੈਲਾਉਨ ਲਈ ਬੜਾ ਬਲ ਖ਼ਰਚ ਕੀਤਾ ਤੇ ਏਸ ਕਰਕੇ ਕਿ ਕਈ ਬ੍ਰਾਹਮਣਾਂ ਨੇ ਕਸ਼ਮੀਰ ਵਿਖੇ ਮੁਸਲਮਾਂਨ ਹੋਣੋਂ ਇਨਕਾਰ ਕੀਤਾ ਸੀ ਉਨ੍ਹਾਂ ਨੂੰ ਔਰੰਗਜ਼ੇਬ ਨੇ ਆਪਣੇ ਦਿੱਲੀ ਦਰਬਾਰ ਵਿਖੇ ਬੁਲਵਾਧਾਸੀ ਉਨ੍ਹਾਂ ਦਿਨਾਂ ਵਿੱਚ ਸਿਖਾਂ ਦੀ ਹਾਲਤ ਕੁਛ ਸੰਭਲਦੀ ਜਾਂਦੀ ਸੀ ਤੇ ਉਨ੍ਹਾਂ ਦੀ ਧਰਮ ਚਰਚਾ ਦਾ ਰੌਲਾ ਪੈਰਿਹਾਸੀ ਤੇ ਗੁਰੂ ਹਰਗੋਬਿੰਦ ਜੀ ਆਦਿਕ ਨੇ ਕੁਛ ਸਿਰ ਭੀ ਚੁਕਿਆਸੀ ਇਸ ਕਰਕੇ ਕਸ਼ਮੀਰੀ ਬ੍ਰਾਹਮਨ ਸ੍ਰੀ ਗੁਰੂ ਤੇਗ਼ਬਹਾਦੁਰ ਜੀ ਦੇ ਪਾਸ ਆਏ ਜੇਹਾਕੁ ਪੈਹਲੇ ਵਰਨਨ ਹੋ ਚੁਕਾ ਹੈ ਜਦ ਓਹੁ ਗੁਰੂ ਤੇਗ਼ਬਹਾਦੁਰ ਜੀ ਪਾਸ ਆਏ ਤੇ ਆਪਣਾਂ ਸਾਰਾ ਮਾਜਰਾ ਆਖ ਸੁਨਾਯਾ ਤਾਂ ਗੁਰੂ ਤੇਗ਼ਬਹਾਦੁਰ ਜੀ ਉਨ੍ਹਾਂ ਦਾ ਹਾਲ ਸੁਨਕੇ ਫ਼ਿਕਰ ਮੰਦ ਹੋ ਗਏ ਤੇ ਕੁਛ ਸੋਚਨ ਲਗ ਗਏ ਚਿਹਰੇ ਪਰ ਫ਼ਿਕਰ ਤੇ ਗ਼ਮਦੇ ਨਿਸ਼ਾਨ ਪ੍ਰਗਟ ਹੋਣ ਲਗ ਪਏ

ਕਿਉਂਕਿ ਬ੍ਰਾਹਮਣਾਂ ਦੀ ਹਾਲਤ ਅਤੇ ਔਰੰਗਜ਼ੇਬ ਦੀਤਾਕਤ ਦੋਵੇਂ ਅਜੇਹੇ ਅਮਰ ਸਨ ਕਿ ਪੈਹਲੀ ਹਾਲਤ ਕੈਂਹਦੀ ਸੀਕਿ ਉਨ੍ਹਾਂਦੀ ਦਸਤਗੀਰੀ ਪਵਿੱਤ੍ਰ ਤੇ ਪੁਨੀਤ ਫ਼ਰਜ਼ ਹੈ ਅਤੇ ਖਤ੍ਰੀ ਲਹੂ ਦਾ ਜੋਸ਼ ਧਰਮ ਰਖਯਾ ਕਰਨੇ ਦਾ ਤਕਾਜ਼ਾ ਕਰਦਾਸੀ ਪ੍ਰੰਤੂ ਦੂਸਰੇ ਪਾਸੇ ਸ਼ਾਹ ਆਲਮ ਦੀ ਤਾਕਤ ਕੈਂਹਦੀ ਸੀ ਕਿ ਮੁਕਾਬਲਾ ਟੇਹਰੀ ਖੀਰ ਹੈ ਇਸੇ ਸੋਚ ਵਿਚਾਰ ਵਿੱਚ ਫ਼ਿਕਰ ਮੰਦ ਬੈਠੇ ਸੇ ਕਿ ਗੁਰੂ ਗੋਬਿੰਦ ਸਿੰਘ ਜੀ ਪਿਤਾ ਦੇ ਪਾਸ ਆਏ ਤੇ ਉਨ੍ਹਾਂ ਨੂੰ ਗ਼ਮਗੀਨ ਦੇਖ ਕੇ ਕਾਰਨ ਪੁੱਛਿਆ ਪਿਤਾ ਦੇ ਮੂੰਹੋਂ ਨਿਕਲਿਆ ਕਿ ਹੁਣ ਹਿੰਦੂ ਧਰਮ ਤੇ ਭਾਰਤ ਦੇਸ਼ ਦੀ ਅਜੇਹੀ ਦਸ਼ਾ ਹੈ ਕਿ ਕਿਸੇ ਨੇਕ ਉਤਮ ਪੁਰਖ ਦੇ ਸਿਰ ਦੀ ਬਲੀ ਦਾਨ ਹੋਣ ਦੀ ਅਵਸਕਤਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਮੂੰਹੋਂ ਨਿਕਲਿਆ ਕਿ ਤੁਹਾਡੇ ਨਾਲੋਂ ਵਧ ਕੇ ਭਲਾ ਉਤਮ ਮਨੁਖ ਕੌਣ ਹੈ ਜੇਹੜਾ ਖਤ੍ਰੀ ਧਰਮ ਦੇ ਲਈ ਆਪਣਾਂ ਸਿਰ ਬਲੀ ਦਾਂਨ ਕਰੇ ਜੇ ਆਪ ਹੀ ਇਸ ਨੂੰ ਪੂਰਾ ਕਰੋ ਤਾਂ ਚੰਗਾ ਹੈ ਗੁਰੂ ਤੇਗ਼ਬਹਾਦੁਰ ਨੇ ਆਖਿਆ ਕਿ ਚੰਗਾ ਜੋ ਕੁਛ ਈਸ਼੍ਵਰ ਦੀ ਇੱਛਾ ਹੋਵੇਗੀ ਸੋਈ ਪੂਰੀ ਹੋਵੇਗੀ ਔਰੰਗਜ਼ੇਬ ਨੂੰ ਸਿਖਾਂ ਦੀ ਆਏ ਦਿਨ ਦੀ ਉਨੱਤੀ ਅੱਖਾਂ ਵਿੱਚ ਖੁਟਕਦੀ ਸੀ ਕਾਸ਼ਮੀਰੀ ਬ੍ਰਾਹਮਣਾਂ ਦੀ ਖ਼ਬਰ ਨੇ ਉਸਨੂੰ ਹੋਰ ਭੀ ਭੜਕਾ ਦਿੱਤਾ ਓੜਕ ਗੁਰੂ ਤੇਗ਼ਬਹਾਦੁਰ ਜੀ ਨੂੰ ਔਰੰਗਜ਼ੇਬ ਨੇ ਦਿੱਲੀ ਵਿੱਚ ਸੱਦਿਆ ਤੁਰਨ ਥੀਂ ਪੈਹਲੇ ਗੁਰੂ ਤੇਗ਼ਬਹਾ-

ਦੁਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਗੱਦੀ ਬਖ਼ਸ਼ੀ ਅਤੇ ਗੱਦੀ ਨਸ਼ੀਨੀ ਦੀ ਰਸਮ ਕਰਕੇ ਪੁਤ੍ਰ ਨੂੰ ਉਪਦੇਸ਼ ਦਿੱਤਾ ਕਿ ਮੈਂ ਤਾਂ ਅਕਾਲ ਪੁਰਖ ਦੀ ਆਗਿਆ ਨਾਲ ਧਰਮ ਦੀ ਰਖਿਆ ਲਈ ਸਿਰ ਦੇਣ ਚਲਿਆ ਹਾਂ ਤੁਸਾਂ ਮੇਰੀ ਦੇਹ ਨੂੰ ਬੇਇਜ਼ਤੀ ਥੀ ਬਚਾਉਨਾਂ ਤੇ ਉਸਨੂੰ ਲੈਕੇ ਮ੍ਰਿਤਕ ਸੰਸਕਾਰ ਕਰਦੇਣਾਂ ਮੇਰੇ ਖ਼ੂਨ ਦਾ ਬਦਲਾ ਤੇ ਹਿੰਦੂ ਧਰਮ ਦੀ ਰਖਿਆ ਦਾ ਕੰਮ ਤੁਹਾਡੇ ਸਿਰ ਪਰ ਹੈ ਇਸਨੂੰ ਪ੍ਰਾਨਾਂ ਤਕ ਭੀ ਨਿਛਾਵਰ ਕਰਕੇ ਪੂਰਾ ਕਰਨਾਂ ਸੋ ਓੜਕ ਨੂੰ ਓਹੀ ਹੋਯਾ ਜਿਸਨੂੰ ਗੁਰੂ ਤੇਗ਼ਬਹਾਦੁਰ ਜੀ ਲੰਮੀ ਦ੍ਰਿਸ਼ਟੀ ਨਾਲ ਪੈਹਲੇ ਹੀ ਜਾਣਦੇ ਸੇ ਸੋ ਔਰੰਗਜ਼ੇਬ ਦੀ ਆਗਿਆ ਨਾਲ ਦਿੱਲੀ ਵਿਖੇ ਮਾਰੇ ਗਏ ਤੇ ਇੱਕ ਗ਼ਰੀਬ ਕਮੀਨ ਸਿਖ ਜੀਵਨ ਰੰਗੜ ਨਾਮ ਨੇ ਗੁਰੂ ਜੀ ਦਾ ਸਿਰ ਗੁਰੂ ਗੋਬਿੰਦ ਸਿੰਘ ਜੀ ਪਾਸ ਪੌਹਚਾ ਦਿੱਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦਾ ਸੀਸ ਦੇਖਕੇ ਇਹੁ ਦੋਹਾ ਪੜ੍ਹਜਾ (ਸਾਧਨ ਹੇਤ ਇਤੀ ਜਿਨ ਕਰੀ ॥ ਸੀਸ ਦੀਆ ਪਰ ਸੀ ਨਾਂ ਉਚਰੀ ਧਰਮ ਹੇਤ ਸਾਕਾ ਜਿਨ ਕੀਆ ॥ ਸੀਸ ਦੀਆ ਪਰ ਸਿਰੜ ਨਾਂ ਦੀਆ) ਇਕ ਗਲ ਇਉਂ ਭੀ ਆਖਦੇ ਹਨ ਕਿ ਜੇਹੜਾ ਕਾਗਦ ਗੁਰੂ ਤੇਗਬਹਾਦੁਰ ਜੀ ਨੇ ਔਰੰਗਜ਼ੇਬ ਨੂੰ ਦੇ ਕੇ ਕਿਹਾ ਸੀ ਕਿ ਉਨ੍ਹਾਂ ਦੀ ਗਰਦਨ ਤੇ ਰਖਣੇ ਕਰਕੇ ਤਲਵਾਰ ਨਹੀਂ ਕੱਟ ਸਕੇਗੀ ਜਦ ਓਹੁ ਖੋਲ੍ਹਕੇ ਦੇਖਿਆ ਗਿਆ ਤਾਂ ਉਸ ਪਰ ਭੀ ਇਹੀ ਬਾਣੀ ਲਿਖੀ ਹੋਈ ਸੀ ਜੇਹੜੀ

ਉਪਰ ਵਰਨਨ ਕੀਤੀ ਗਈ ਹੈ ਅਰਥਾਤ ਏਹੀ ਦੋਹਾ ਲਿਖਯਾ ਸੀ ਓੜਕ ਨੂੰ ਉਸ ਸੀਸ ਦਾ ਦਾਹ ਕੀਤਾ ਗਿਆ ਤੇ ਉਸ ਥੀਂ ਵੇਹਲ ਪਾਕੇ ਗੁਰੂ ਗੋਬਿੰਦ ਸਿੰਘ ਜੀ ਪਿਤਾ ਦੇ ਪ੍ਰੇਮ ਸੰਦੇਸੇ ਨੂੰ ਪੂਰਾ ਕਰਨ ਦੇ ਧੰਧੇ ਵਿਖੇ ਲਗੇ ਆਖਦੇ ਹਨ ਕਿ ਗੁਰੂ ਤੇਗ਼ਬਹਾਦੁਰ ਦੇ ਧੜ ਨੂੰ ਉਨ੍ਹਾਂ ਦੇ ਇੱਕ ਭਰੋਸੇ ਸਿਦਕ ਵਾਲੇ ਸਿਖਨੇ ਰਾਤਨੂੰ ਚੁੱਕ ਕੇ ਆਪਣੇ ਘਰ ਲੈਜਾ ਰਖਿਆ ਤੇ ਸਾੜ ਵਿੱਤਾ ਤੇ ਆਪਣੇ ਘਰ ਨੂੰ ਭੀ ਨਾਲ ਹੀ ਸਾੜ ਦਿੱਤਾ ਕਿ ਕਿਧਰੇ ਘਰ ਵਿਖੇ ਦੇਹ ਨੂੰ ਲਿਆਕੇ ਸਾੜਨ ਦਾ ਭੇਤ ਨਾ ਖੁਲ੍ਹਜਾਵੇ ਤੇ ਬਾਹਰ ਤਾਂ ਕਿਸੇ ਥਾਂ ਭੀ ਦੇਹ ਦਾ ਸਸਕਾਰ ਨਹੀਂ ਸੀ ਕਰ ਸਕਦਾ ॥

## ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਵਿਖੇ ਔਖਯਾਈਆਂ

ਭਾਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤ ਵਿਖੇ ਇਸ ਬਾਤ ਦਾ ਬੜਾ ਜੋਸ਼ ਸੀ ਕਿ ਓਹ ਆਪਣੇ ਪਿਤਾ ਦੀ ਭਯਾਨਕ ਮੌਤ ਥੀਂ ਉਪਦੇਸ਼ ਸਿਖੇ ਤੇ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਕੋਸ਼ਸ਼ ਕਰੇ ਪ੍ਰੰਤੂ ਉਨ੍ਹਾਂ ਦੇ ਉਦੇਸ਼ ਵਿੱਚ ਕਈ ਔਖਯਾਈਆਂ ਕਠਨਤਾਈਆਂ ਪੈਂਦੀਆ ਸਨ ਪੈਹਲੇ ਇਸ ਥੀਂ ਕਿ ਉਨ੍ਹਾਂ ਦੇ ਉਦੇਸ਼ ਦੀ ਪੂਰਨਤਾਈ ਦੇ ਤਰੀਕਿਆਂ ਨੂੰ ਵਰਨਨ ਕਰੀਏ ਕੁਛਕ ਇਸ ਗਲ ਦੀ ਵਯਾਖਯਾ ਦੱਸਨੀ

ਆਵਸ਼ਕਤਾ ਰਖਦੀ ਹੈ ਕਿ ਓਹ ਕਠਿਨ ਤਾਈਆਂ ਕੀਹ ਸਨ॥ ਜਦ ਗੁਰੂ ਤੇਗ਼ਬਹਾਦੁਰ ਜੀ ਨੇ ਧਰਮ ਰਖਯਾ ਧਰਮ ਦੋਖੀਆਂ ਦੀ ਜੜ ਪੁੱਟਨੀ ਦੇਸ਼ ਭਗਤੀ ਦੀ ਅੱਗ ਨੂੰ ਧੁਖਾਉਨ ਦਾ ਉਪਦੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿਖੇ ਦ੍ਰਿੜ ਕਰਵਾਯਾ ਤਾਂ ਉਨ੍ਹਾਂਦੀ ਉਮਰ ਕੇਵਲ ਪੰਦ੍ਰਾਂ ਬਰਸ ਦੀ ਸੀ ਤਜਰਬੇ ਦਾ ਜ਼ਖੀਰਾ ਕੇਵਲ ਏਤਨਾਂ ਹੀ ਸੀ ਕਿ ਪਿਤਾ ਨੇ ਧਰਮ ਦੇ ਰਖਨ ਲਈ ਜਾਨ ਦਿਤੀ ਸੀ ਇਸ ਉਮਰਾਂ ਵਿਖੇ ਹੀ ਉਨ੍ਹਾਂ ਨੇ ਛੋਟੇ ਜੇਹੇ ਚਿਤ ਵਿਖੇ ਕੌਮੀਅਤ ਨੂੰ ਜਿਵਾਉਨ ਵਾਸਤੇ ਦੇਸ ਭਗਤੀ ਦੀ ਅਗਨੀ ਨੂੰ ਭੜਕਾਉਨ ਦਾ ਬੜਾ ਹੀ ਖੁਲ੍ਹਾ ਅਤਯੰਤ ਚੌੜਾ ਕਠੋਰ ਦੁੱਖਾਂ ਕਸ਼ਟਾਂ ਨਾਲ ਭਰਪੂਰ ਉਦੇਸ਼ ਆਪਣੇ ਸਾਹਮਣ ਰਖਿਆ ਇਹ ਕੋਈ ਅਸਚਰਜ ਦੀ ਬਾਤ ਨਹੀਂ ਹੈ ਬਾਬਰ ਨੇ ੧੨ ਬਾਹਾਂ ਵਰਹੇ ਦੀ ਉਮਰ ਵਿਖੇ ਆਪਣੇ ਪਿਉ ਦੀ ਜਾਇਦਾਦ ਲੈਣ ਲਈ ਤਲਵਾਰ ਉਠਾਈ ਸੀ ਅਕਬਰ ਨੇ ਭੀ ਏਸੇ ਹੀ ਉਮਰਾਂ ਦੇ ਲਗਭਗ ਜੌਹਰ ਲਿਆਕਤ ਪ੍ਰਗਟ ਕਰ ਦਿਖਾਏ ਸੇ ਕੰਮ ਐਡਾ ਭਾਰੀ ਪਰ ਕੋਈ ਸਾਮਾਂਨ ਨਹੀਂ ਸੀ ਇਨ੍ਹਾਂ ਦੇ ਮਗਰ ਲਗਨ ਵਾਲੇ ਕੇਵਲ ਥੋੜੇ ਜੇਹੇ ਸਿਖ ਹੀ ਸੇ ਨਾਂ ਕੋਈ ਜਾਇਦਾਦ ਨਾ ਜਾਗੀਰ ਨਾਂ ਆਦਮੀ ਨਾਂ ਹੀ ਰੁਪਯਾ ਜੋ ਕੁਛ ਸਿਖ ਸਿਦਕੀ ਭਰੋਸਾ ਕਰਕੇ ਭੇਟਾ ਲਿਆਉਂਦੇ ਸੇ ਕੇਵਲ ਉਸੇ ਉੱਤੇ ਹੀ ਗੁਜ਼ਾਰਾ ਚਲਦਾ ਸੀ ਮੁਕਾਬਲੇ ਵਿਖੇ ਇਸਲਾਮ ਦੀ ਬੜੀ ਹੀ